# ਚਿਰਾਗ

ਜਨਵਰੀ-ਮਾਰਚ 2007

**January -March 2007**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਵਾਹਗੇ ਪਾਰ ਦੀ ਪੰਜਾਬੀ ਕਵਿਤਾ



ਸੰਪਾਦਕ - ਹਰਭਜਨ ਸਿੰਘ ਹੁੰਦਲ

## ਚਿਰਾਗ਼ ਵਿਸ਼ੇਸ਼ ਅੰਕ

# ਚਿਰਾ.ਗ ਤਿਮਾਹੀ

ਜਨਵਰੀ-ਮਾਰਚ, 2007

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ,ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

## ਤਤਕਰਾ

| | |
|---|---|
| ✦ ਸੰਪਾਦਕੀ ਟਿੱਪਣੀ | ਪਾਕਿਸਤਾਨੀ ਪੰਜਾਬੀ ਕਵਿਤਾ ਦਾ ਹਥਲਾ ਵਿਸ਼ੇਸ਼ ਅੰਕ – ਹਰਭਜਨ ਸਿੰਘ ਹੁੰਦਲ |
| ✦ ਭਾਗ ਪਹਿਲਾ | ਉਸਤਾਦ ਦਾਮਨ, ਫੈਜ਼ ਅਹਿਮਦ ਫੈਜ਼, ਫੀਰੋਜ਼ਦੀਨ ਸ਼ਰਫ਼, ਅਹਿਮਦ ਰਾਹੀ, ਹਬੀਬ ਜਾਲਿਬ, ਸਾਈਂ ਅਖ਼ਤਰ ਲਾਹੌਰੀ, ਅਫ਼ਜ਼ਲ ਅਹਿਸਨ ਰੰਧਾਵਾ, ਮੀਆਂ ਸਲੀਮ ਜਹਾਂਗੀਰ, ਮੰਨੂ ਭਾਈ, ਬਾਬਾ ਨਜਮੀਂ, ਅਹਿਮਦ ਸਲੀਮ, ਤਨਵੀਰ ਬੁਖ਼ਾਰੀ,ਅਨਵਰ ਮਸਊਦ, ਫ਼ਖ਼ਰ ਜ਼ਮਾਨ, ਜ਼ਾਹਦ ਹਸਨ, ਅਫ਼ਜ਼ਲ ਤੌਸੀਫ਼, ਜ਼ਫ਼ਰ ਇਕਬਾਲ, ਮਸਊਦ ਅਹਿਮਦ ਚੌਧਰੀ, ਮਜ਼ਹਰ ਤਿਰਮਿਜ਼ੀ, ਅਬਦੁਲ ਕਰੀਮ ਕੁਦਸੀ, ਅਮੀਨ ਮਲਕ, ਜਾਵੇਦ ਜ਼ੱਕੀ, ਸ਼ਾਰਬ ਅਨੁਸਾਰੀ, ਨਜਮ ਹੁਸੈਨ ਸੱਯਦ, ਗੁਲਾਮ ਹੁਸੈਨ ਸਾਜਦ, ਬਾਕੀ ਸਦੀਕੀ |
| ✦ ਭਾਗ ਦੂਜਾ (ਨਾਰੀ ਕਾਵਿ) | ਰਿਫਅਤ, ਬੁਸ਼ਰਾ ਏਜਾਜ਼, ਨਸਰੀਨ ਅੰਜਮ ਭੱਟੀ, ਸ਼ਾਇਸਤਾ ਹਬੀਬ, ਸਰਵੱਤ ਮੁਹੀਉਦੀਨ ਅੰਜਮ ਕੁਰੈਸ਼ੀ |
| ✦ ਭਾਗ ਤੀਜਾ (ਗ਼ਜ਼ਲਾਂ) | ਬਸ਼ੀਰ ਬਾਵਾ, ਆਦਿਲ ਸਦੀਕੀ, ਫ਼ਖ਼ਰ ਜ਼ਮਾਨ, ਅਖ਼ਲਾਕ ਆਤਿਫ਼, ਅਕਰਮ ਸ਼ੇਖ਼, ਆਸ਼ਕ ਰਹੀਲ, ਆਦਿਲ ਯਜ਼ਦਾਨੀ, ਆਗਾ ਨਿਸਾਰ ਖ਼ਾਲਦ ਅਰਮਾਨ, ਬਾਬਾ ਨਜ਼ਮੀਂ, ਰਿਆਜ਼ ਅਹਿਮਦ ਸ਼ਾਦ, ਇਕਬਾਲ ਸ਼ੈਦਾ, ਤਾਲਿਬ ਜਤੋਈ, ਤਾਰਿਕ ਗੱਜਰ ਫਤਿਹਪੁਰੀਆ, ਬਾਬਾ ਮਹਿਮੂਦ ਤੁਫ਼ੈਲ ਅਕਬਰ, ਤਜੱਮਲ ਕਲੀਮ, ਜਾਵੇਦ ਰਾਏ, ਮੁਨੀਰ ਸ਼ਾਦ |
| ✦ ਭਾਗ ਚੌਥਾ (ਨਜ਼ਮਾਂ, ਗ਼ਜ਼ਲਾਂ) | ਮੁਮਤਾਜ਼ ਬਲੋਚ, ਸ਼ਫ਼ੀਕ ਕੁਰੈਸ਼ੀ, ਨਾਦਰ ਅਲੀ, ਇਮਤਿਆਜ਼ ਹੁਸੈਨ ਇਮਤਿਆਜ਼, ਸਲੀਮ ਅੰਜਮੀਂ, ਰਾਸ਼ਦ ਹਸਨ ਰਾਣਾ, ਮੁਹੰਮਦ ਮੁਨੀਰ ਸ਼ੀਰਾਨੀ, ਮੁਹੰਮਦ ਅਕਬਰ ਖਾਂ, ਰਾਜਾ ਸਾਦਕ ਅੱਲਾ, ਜ਼ਾਹਦ ਮਸਊਦ, ਆਸ਼ਕ ਅਲੀ ਫੈਸਲ, ਤਾਰਕ ਗੱਜਰ, ਅਕਰਮ ਬਾਜਵਾ, ਮੀਰ ਅਰਸ਼ਦ ਮੀਰ, ਜਾਵੇਦ ਜ਼ੱਕੀ, ਰਫਾਕਤ ਹੁਸੈਨ ਮੁਮਤਾਜ਼, ਸ਼ਾਰਬ, ਮਸਊਦ ਹਿਜਾਜ਼ੀ, ਜ਼ਾਹਿਦ ਸਦੀਕੀ, ਨਜ਼ੀਰ ਕੈਸਰ, ਅਲੀਮ ਸ਼ਕੀਲ, |
| ✦ ਭਾਗ ਪੰਜਵਾਂ (ਲੰਮੀ ਕਵਿਤਾ) | ਸਾਈਂ ਅਖ਼ਤਰ ਲਾਹੌਰੀ |
| ✦ ਅੰਤਿਕਾ (ਟਿੱਪਣੀ) | ਪਾਕਿਸਤਾਨੀ ਪੰਜਾਬੀ ਕਵਿਤਾ (ਡਾ. ਅਤਰ ਸਿੰਘ) |
| ✦ ਸਹਾਇਕ ਪੁਸਤਕਾਂ | ......... |
| ✦ ਆਖ਼ਰੀ ਪੰਨਾ | ਪਰਲੇ ਪਾਰ ਦੀਆਂ ਕਵਿਤਾਵਾਂ (ਹਰਭਜਨ ਸਿੰਘ ਹੁੰਦਲ) |
| ✦ ਮੁੱਖ ਚਿੱਤਰ | ਢੋਲਚੀ, ਪਾਕਿਸਤਾਨੀ ਚਿੱਤਰ (ਲਹਿਰਾਂ ਮਾਸਕ, ਲਾਹੌਰ ਦੇ ਸ਼ੁਕਰਾਨੇ ਨਾਲ) |

Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188

| ਚੰਦਿਆਂ ਦਾ ਵੇਰਵਾ | |
|---|---|
| ਦੇਸ਼ ਵਾਰਸ਼ਿਕ | :50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼ (ਯੂ.ਕੇ.) | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

ਨੋਟ- ਸਾਰੇ ਚੈੱਕ ਅਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ।

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
274-ਢੰਨ ਰੋਡ, ਜਲੰਧਰ (ਫੋਨ- 98150-44338) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 31 ਜਨਵਰੀ, 2007

ਸੰਪਾਦਕੀ ਟਿੱਪਣੀ

## ਪਾਕਿਸਤਾਨੀ ਪੰਜਾਬੀ ਕਵਿਤਾ ਦਾ ਹਥਲਾ ਵਿਸ਼ੇਸ਼ ਅੰਕ

ਸਮੁੱਚੀ ਤਾਂ ਭਾਵੇਂ ਨਾ ਸਹੀ, ਪਰ ਪਾਕਿਸਤਾਨੀ ਅਥਵਾ ਲਹਿੰਦੇ ਪੰਜਾਬ ਦੀ ਪੰਜਾਬੀ ਕਵਿਤਾ ਦੇ ਵਡੇਰੇ ਭਾਗ ਨੂੰ, ਪਿਛਲੇ ਚਾਰ ਦਹਾਕਿਆਂ ਵਿਚ ਪ੍ਰਾਪਤ ਕਰਨ ਤੇ ਪੜ੍ਹਨ ਦਾ ਮੌਕਾ ਮੈਨੂੰ ਮਿਲਦਾ ਰਿਹਾ ਹੈ। ਪੱਜ ਭਾਵੇਂ ਗੁਰਦਵਾਰਿਆਂ ਦੀ ਧਾਰਮਿਕ ਯਾਤਰਾ ਦਾ ਹੁੰਦਾ ਸੀ, ਪਰ ਅਸਲ ਮੰਤਵ ਦੇਸ਼-ਵੰਡ ਕਾਰਨ ਮੈਥੋਂ ਖੋਹੀ ਗਈ ਆਪਣੀ ਜੰਮਣ-ਭੋਂ ਨੂੰ ਵੇਖਣ ਦਾ ਹੁੰਦਾ ਸੀ। ਇਸ ਮੰਤਵ ਲਈ ਮਾਰੇ ਗਏ ਚਾਰ ਪਾਕ ਗੇੜਿਆਂ ਦੇ ਸਿੱਟੇ ਵਜੋਂ, ਮੈਨੂੰ ਕਾਫ਼ੀ ਪੰਜਾਬੀ ਲੇਖਕਾਂ ਨੂੰ ਮਿਲਣ-ਗਿਲਣ ਅਤੇ ਉਹਨਾਂ ਦੀਆਂ ਪੁਸਤਕਾਂ ਪ੍ਰਾਪਤ ਕਰਨ ਦਾ ਮੌਕਾ ਮਿਲਦਾ ਰਿਹਾ ਹੈ।

1992 ਵਿਚ ਚਿਰਾ.ਗ ਤਿਮਾਹੀ ਦੀ ਪ੍ਰਕਾਸ਼ਨਾ ਦੇ ਆਰੰਭ ਹੋਣ ਨਾਲ ਮੈਨੂੰ ਇਹਨਾਂ ਪੁਸਤਕਾਂ ਵਿਚੋਂ ਸਮੇਂ-ਸਮੇਂ ਕਹਾਣੀਆਂ, ਕਵਿਤਾਵਾਂ ਅਤੇ ਲੇਖਾਂ ਨੂੰ ਸ਼ਾਹ-ਮੁਖੀ ਲਿਪੀ ਵਿਚੋਂ ਗੁਰਮੁਖੀ ਲਿਪੀ ਵਿਚ ਉਤਾਰਾ ਕਰਕੇ ਛਾਪਣ ਦਾ ਮਾਣ ਵੀ ਪ੍ਰਾਪਤ ਹੁੰਦਾ ਰਿਹਾ ਹੈ। ਚਿਰਾ.ਗ ਵਿਚ 'ਵਾਹਗਿਓਂ ਪਾਰ' ਦਾ ਕਾਲਮ ਨਿਰੰਤਰ ਛਪਦਾ ਆ ਰਿਹਾ ਹੈ ਅਤੇ ਇਹ ਕਾਲਮ ਦੋਹੀਂ ਪਾਸੀਂ ਕਾਫ਼ੀ ਪਸੰਦ ਕੀਤਾ ਜਾਂਦਾ ਰਿਹਾ ਹੈ। ਸਾਡੀ ਵੇਖੋ-ਵੇਖੀ ਹੋਰ ਕਈ ਪੱਤਰਕਾਵਾਂ ਨੇ ਵੀ ਸਰਹੱਦ ਪਾਰ ਦੇ ਸਾਹਿਤ ਨੂੰ ਛਾਪਣ ਦੀ ਰੁਚੀ ਵਿਖਾਈ ਹੈ, ਪਰ ਉਹ ਇਸ ਸ਼ੁਭ ਕਾਰਜ ਨੂੰ ਨਿਰੰਤਰਤਾ ਨਾਲ ਅਤੇ ਨਾਲ ਹੀ ਮਿਆਰ ਨੂੰ ਕਾਇਮ ਨਹੀਂ ਰੱਖ ਸਕੇ।

ਹੁਣ ਪਿਛਲੇ ਚਾਰ-ਪੰਜ ਸਾਲਾਂ ਵਿਚ ਦੋਹਾਂ ਦੇਸ਼ਾਂ ਦੇ ਆਪਸੀ ਸਬੰਧਾਂ ਵਿਚ ਵੱਡੀਆਂ ਤਬਦੀਲੀਆਂ ਆਈਆਂ ਹਨ, ਜਿਸਦੇ ਸਿੱਟੇ ਵਜੋਂ ਵਾਹਗੇ ਪਾਰ ਦੇ ਪੰਜਾਬੀ ਸਾਹਿਤ ਨਾਲ ਸਾਡੀ ਨੇੜਤਾ ਹੋਰ ਵਧੀ ਹੈ ਅਤੇ ਇਸ ਸਾਹਿਤ ਦੀ ਪ੍ਰਾਪਤੀ ਵੀ ਕਾਫੀ ਆਸਾਨ ਹੋ ਗਈ ਹੈ। ਸਿੱਟੇ ਵਜੋਂ ਹੁਣ ਕਾਫ਼ੀ ਮਾਤਰਾ ਵਿਚ ਸਾਹਿਤ ਏਧਰਲੇ ਪਾਸੇ ਲਿਪੀ ਪਰਿਵਰਤਨ ਹੋ ਕੇ ਛਪਣ ਲੱਗਾ ਹੈ। ਜਨਵਰੀ 2006 ਵਿਚ ਚਿਰਾ.ਗ ਦੇ ਪ੍ਰਕਾਸ਼ਤ ਕੀਤੇ ਗਏ ਕਹਾਣੀ ਅੰਕ ਤੋਂ ਬਾਅਦ ਏਸੇ ਲੜੀ ਦਾ ਅਗਲਾ ਯਤਨ ਪਾਰ ਦੀ ਕਵਿਤਾ ਛਾਪਣ ਦਾ ਕੀਤਾ ਜਾ ਰਿਹਾ ਹੈ। ਇਸ ਵੱਡੇ ਕਾਰਜ ਦੀ ਪੂਰਤੀ ਹਿੱਤ ਸਾਨੂੰ ਅੱਜ ਤੀਕ ਪ੍ਰਾਪਤ ਹੋਏ ਉਧਰਲੇ ਕਾਵਿ-ਸਾਹਿਤ ਨੂੰ ਵਾਚਣ ਤੇ ਉਲਥਾਉਣ ਦਾ ਢੇਰ ਕੰਮ ਕਰਨਾ ਪਿਆ ਹੈ। ਕੁਝ ਕਵਿਤਾਵਾਂ ਸਾਨੂੰ ਸਿੱਧੀਆਂ ਵੀ ਪ੍ਰਾਪਤ ਹੋਈਆਂ ਹਨ। ਪਰ ਇਸ ਅੰਕ ਦੀਆਂ ਵਡੇਰੀਆਂ ਹਿੱਸੇ ਦੀਆਂ ਰਚਨਾਵਾਂ ਅਸੀਂ ਆਪਣੀ ਨਿੱਜੀ ਲਾਇਬ੍ਰੇਰੀ ਵਿਚ ਇਕੱਤਰ ਹੋਏ ਕਾਵਿ-ਸੰਗ੍ਰਹਿਆਂ ਵਿਚੋਂ ਚੁਣੀਆਂ ਤੇ ਉਲਥਾਈਆਂ ਅਥਵਾ ਲਿਪੀ-ਆਂਤਰਣ ਕੀਤੀਆਂ ਹਨ। ਕੋਸ਼ਿਸ਼ ਕੀਤੀ ਗਈ ਹੈ ਕਿ ਅਜਿਹਾ ਕਰਦਿਆਂ ਨਵੀਆਂ ਕਵਿਤਾਵਾਂ ਪੇਸ਼ ਕੀਤੀਆਂ ਜਾਣ, ਪਰ ਫੇਰ ਵੀ, ਉਧਰਲੇ ਕਾਵਿ-ਸਾਹਿਤ ਦੇ ਪਿਛਲੇ 60 ਸਾਲਾਂ ਵਿਚ ਲਿਖੇ ਗਏ ਕਾਵਿ-ਸ਼ਾਹਕਾਰਾਂ ਨੂੰ ਵੀ ਅਣਡਿੱਠ ਨਾ ਕੀਤਾ ਜਾਵੇ।

ਕਵਿਤਾਵਾਂ ਦੀ ਚੋਣ ਕਰਦਿਆਂ ਅਸੀਂ ਇਸ ਗੱਲ ਨੂੰ ਪਰਖ ਦੀ ਘਸਵੱਟੀ ਮਿਥਿਆ ਸੀ ਕਿ ਵਿਸ਼ੇਸ਼ ਤੌਰ ਉੱਤੇ ਉਹ ਕਾਵਿ-ਰਚਨਾਵਾਂ ਪੇਸ਼ ਕੀਤੀਆਂ ਜਾਣ, ਜੋ ਲੋਕਾਂ ਦੇ ਜੀਵਨ ਦੀਆਂ ਤਾਂਘਾਂ, ਸੁਪਨਿਆਂ ਅਤੇ ਦੁਸ਼ਵਾਰੀਆਂ ਦਾ ਜ਼ਿਕਰ ਕਰਨ ਦੇ ਨਾਲ-ਨਾਲ ਉਥੋਂ ਦੀਆਂ ਬਦਲਦੀਆਂ ਸਮਾਜਿਕ, ਰਾਜਸੀ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਰੂਪਮਾਨ ਕਰਦੀਆਂ ਹੋਣ।

ਪਾਕਿਸਤਾਨ ਦੇ ਸੱਠ ਸਾਲ ਦੇ ਕਾਲ ਵਿਚ ਤਕਰੀਬਨ ਅੱਧੇ ਸਾਲਾਂ ਵਿਚ ਉਥੇ ਫੌਜੀ ਰਾਜ ਲੱਗਾ ਰਿਹਾ ਹੋਣ ਕਾਰਨ, ਆਪਾ ਪ੍ਰਗਟਾਉਣ ਉੱਤੇ ਸਖ਼ਤ ਪਾਬੰਦੀਆਂ ਲੱਗੀਆਂ ਰਹੀਆਂ ਹਨ। ਗ੍ਰਿਫ਼ਤਾਰੀਆਂ, ਨਜ਼ਰਬੰਦੀਆਂ ਤੇ ਸ਼ਰੇਆਮ ਕੋੜੇ ਮਾਰੇ ਜਾਣ ਦੇ ਖ਼ੌਫ਼ ਨੇ ਅਦੀਬਾਂ ਤੇ ਕਵੀਆਂ ਲਈ ਆਤਮ-ਪ੍ਰਗਟਾਉਣ ਦੇ ਸਾਰੇ ਰਾਹ ਬੰਦ ਕਰ ਦਿੱਤੇ ਗਏ ਸਨ। ਐਸੀ ਸਿਆਸੀ ਸਥਿਤੀ ਵਿਚ ਸਾਹਿਤ ਦੇ ਵਿਕਾਸ ਦੇ ਰਾਹ ਵਿਚ ਬੇਅੰਤ ਔਕੜਾਂ ਆਉਂਦੀਆਂ ਰਹੀਆਂ ਹਨ।

ਹਥਲਾ ਅੰਕ ਅਜਿਹੀਆਂ ਮਜਬੂਰੀਆਂ ਤੇ ਬੰਦਸ਼ਾਂ ਦੇ ਮਾਹੌਲ ਵਿਚ ਰਚੇ ਜਾਂਦੇ ਰਹੇ ਸਾਹਿਤ ਨੂੰ ਪੇਸ਼ ਕਰਨ ਦਾ ਉਦੇਸ਼ ਲੈ ਕੇ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਯਤਨ ਵਿਚ ਅਸੀਂ ਕਿੰਨੀ ਕੁ ਸਫ਼ਲਤਾ ਪ੍ਰਾਪਤ ਕਰ ਸਕੇ ਹਾਂ, ਇਸ ਬਾਰੇ ਸਾਨੂੰ ਪਾਠਕਾਂ ਦੀ ਰਾਇ ਦੀ ਉਡੀਕ ਰਹੇਗੀ।

ਕੋਸ਼ਿਸ਼ ਕੀਤੀ ਗਈ ਹੈ ਕਿ ਵੱਧ ਤੋਂ ਵੱਧ ਕਾਵਿ-ਰਚਨਾਵਾਂ ਇਸ ਅੰਕ ਵਿਚ ਸ਼ਾਮਿਲ ਕੀਤੀਆਂ ਜਾਣ, ਪਰ ਪੰਨਿਆਂ ਦੀ ਬੰਦਿਸ਼ ਸਾਡੇ ਮਨ-ਚਾਹੇ ਉਦੇਸ਼ ਦੀ ਪੂਰਤੀ ਦੇ ਰਾਹ ਵਿਚ ਰੁਕਾਵਟ ਬਣ ਕੇ ਖਲੋ ਜਾਂਦੀ ਹੈ। ਇਸ ਕਾਰਨ ਬਹੁਤ ਸਾਰੇ ਕਵੀ ਸ਼ਾਮਿਲ ਹੋਣੋ ਰਹਿ ਗਏ ਹਨ।

ਫਿਰ ਵੀ, ਸਾਡੇ ਖ਼ਿਆਲ ਹੈ, ਹਥਲਾ ਅੰਕ ਕਾਫ਼ੀ ਦੇਰ ਤੀਕ, ਪਾਕਿਸਤਾਨੀ ਪੰਜਾਬੀ ਕਵਿਤਾ ਦੇ ਪ੍ਰੇਮੀਆਂ ਲਈ ਖਿੱਚ ਤੇ ਪਾਠ ਦਾ ਕਾਰਨ ਬਣਿਆ ਰਹੇਗਾ ਅਤੇ ਉਹ ਇਸ ਨੂੰ ਇੱਕ ਸੌਗ਼ਾਤ ਵਾਂਗ ਸਾਂਭ ਕੇ ਰੱਖਿਆ ਕਰਨਗੇ। ਨਾਲ ਹੀ ਸਾਡਾ ਇਹ ਯਤਨ ਕੋਈ ਅੰਤਿਮ ਉਪਰਾਲਾ ਨਹੀਂ ਹੈ। ਅੱਗੇ ਤੋਂ ਅਸੀਂ ਓਧਰਲੇ ਪੰਜਾਬ ਦੇ ਵੱਡੇ ਲੇਖਕਾਂ ਬਾਰੇ ਵਿਸ਼ੇਸ਼ ਅੰਕ ਕੱਢਣ ਬਾਰੇ ਵੀ ਸੋਚ ਰਹੇ ਹਾਂ। ਪਰ ਇਹ ਸਭ ਕੁਝ ਤਾਂ ਹੀ ਸੰਭਵ ਹੋਵੇਗਾ ਜੇ ਸਾਨੂੰ ਓਧਰਲਾ ਸਾਹਿਤ ਵੱਡੀ ਮਾਤਰਾ ਵਿਚ ਮਿਲਦਾ ਰਹੇ ਅਤੇ ਦੋਹਾਂ ਦੇਸ਼ਾਂ ਵਿਚ ਲੇਖਕਾਂ, ਕਲਾਕਾਰਾਂ ਤੇ ਬੁੱਧੀਜੀਵੀਆਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਇੱਕ ਦੂਜੇ ਨਾਲ ਮਿਲਣ-ਗਿਲਣ ਦੇ ਖੁੱਲ੍ਹੇ ਤੇ ਸੌਖੇ ਮੌਕੇ ਮਿਲਣ ਲੱਗ ਪੈਣ। ਆਰ-ਪਾਰ ਦਾ ਵੀਜ਼ਾ ਲੈਣ ਵਿਚ ਅਜੇ ਵੀ ਬੜੀਆਂ ਰੁਕਾਵਟਾਂ ਪੇਸ਼ ਆਉਂਦੀਆਂ ਹਨ ਜੋ ਹਟਾਈਆਂ ਜਾਣੀਆਂ ਜ਼ਰੂਰੀ ਹਨ। ਆਓ ਆਸ ਕਰੀਏ ਤੇ ਨਾਲ ਹੀ ਮੰਗ ਕਰੀਏ ਕਿ ਦੋਵੇਂ ਦੇਸ਼ਾਂ ਦੇ ਸਭਿਆਚਾਰਕ ਸੰਬੰਧ ਹੋਰ ਮੁਹੱਬਤ ਭਰੇ ਅਤੇ ਸੁਖਾਂਵੇਂ ਹੋ ਜਾਣ। •

— ਹਰਭਜਨ ਸਿੰਘ ਹੁੰਦਲ



ਵਿਰਾਸਤ

## ਦਾਮਨ ਦੇ ਮੋਤੀ

1.

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ
ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ।
ਗੋਦ ਜਿਦ੍ਹੀ 'ਚ ਪਲ ਕੇ ਜਵਾਨ ਹੋਇਓਂ
ਉਹ ਮਾਂ ਛੱਡ ਦੇ, ਤੇ ਗਰਾਂ ਛੱਡ ਦੇ,
ਜੇ ਪੰਜਾਬੀ, ਪੰਜਾਬੀ ਈ ਕੂਕਣਾ ਏਂ
ਜਿੱਥੇ ਖਲਾ ਖਲੋਤਾ ਏਂ, ਥਾਂ ਛੱਡ ਦੇ
ਮੈਨੂੰ ਇੰਝ ਲੱਗਦਾ, ਲੋਕੀਂ ਆਖਦੇ ਨੇ
"ਓ ਪੁੱਤਰਾ, ਆਪਣੀ ਤੂੰ ਮਾਂ ਛੱਡ ਦੇ।"

2.

ਭਾਵੇਂ ਮੂੰਹੋਂ ਨਾ ਕਹੀਏ, ਪਰ ਵਿਚੋਂ ਵਿਚੀ
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਆਂ।
ਇਹਨਾਂ ਆਜ਼ਾਦੀਆਂ, ਹੱਥੋਂ ਬਰਬਾਦ ਹੋਣਾ,
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।
ਕੁਝ ਉਮੀਦ ਏ ਜ਼ਿੰਦਗੀ ਮਿਲ ਜਾਏਗੀ
ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ।
ਜੀਊਂਦੀ ਜਾਨ ਈ, ਮੌਤ ਦੇ ਮੂੰਹ ਅੰਦਰ,
ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ।
ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦੱਸਦੀ ਏ,
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।

3.

ਮੇਰੇ ਮੁਲਕ ਦੇ ਦੋ ਖ਼ੁਦਾ,
ਲਾ ਇੱਲਾ ਤੇ ਮਾਰਸ਼ਲ ਲਾ।
ਇਕ ਰਹਿੰਦਾ ਏ ਅਰਸ਼ਾਂ ਉੱਤੇ
ਦੂਜਾ ਰਹਿੰਦਾ ਫਰਸ਼ਾਂ ਉੱਤੇ।
ਇਹਦਾ ਨਾਂ ਏ ਜਰਨਲ ਜ਼ਿਆ
ਵਾਹ ਭਈ ਵਾਹ, ਜਨਰਲ ਜ਼ਿਆ!
ਕੌਣ ਕਹਿੰਦਾ ਤੈਨੂੰ ਏਥੋਂ ਜਾ
ਸਾਡੇ ਦੇਸ਼ 'ਚ ਮੌਜਾਂ ਈ ਮੌਜਾਂ
ਜਿੱਧਰ ਵੇਖੋ ਫ਼ੌਜਾਂ ਈ ਫ਼ੌਜਾਂ
ਲੱਖਾਂ ਬੰਦੀ ਕੈਦੀ ਹੋ ਕੇ
ਅੱਧਾ ਦਿੰਦੇ ਮੁਲਕ ਗਵਾ
ਵਾਹ ਭਈ ਵਾਹ ਜਰਨਲ ਜ਼ਿਆ!!
ਕੌਣ ਕਹੇ ਤੈਨੂੰ ਏਥੋਂ ਜਾ।

(ਦਾਮਨ ਦੇ ਮੋਤੀ ਵਿਚੋਂ)

## ਅੱਜ ਦੌਲਤਾਂ ਸਾਡੇ ਘਰ ਆਈਆਂ ਨੇ

**ਫ਼ੈਜ਼ ਅਹਿਮਦ ਫ਼ੈਜ਼**

ਲੰਮੀ ਰਾਤ ਸੀ ਦਰਦ ਫ਼ਰਾਕ ਵਾਲੀ
ਤੇਰੇ ਕੌਲ 'ਤੇ ਅਸਾਂ ਵਸਾਹ ਕਰਕੇ।
ਕੌੜਾ ਘੁੱਟ ਕੀਤੀ ਮਿਠੜੇ ਯਾਰ ਮੇਰੇ,
ਤੇਰੇ ਕੌਲ 'ਤੇ ਅਸਾਂ ਵਸਾਹ ਕਰਕੇ।

ਝਾਂਜਰਾਂ ਵਾਂਗ ਜ਼ੰਜੀਰਾਂ ਛਣਕਾਈਆਂ ਨੇ,
ਕਦੀ ਪੈਰਾਂ 'ਚ ਬੇੜੀਆਂ ਪਾਈਆਂ ਨੇ।
ਤੇਰੀ ਤਾਂਘ ਵਿਚ ਪੱਟ ਦਾ ਮਾਸ ਦੇ ਕੇ
ਅਸਾਂ ਕਾਂਗ ਸੱਦੇ ਤੇ ਸੁਨੇਹੇ ਘੱਲੇ।

ਰਾਤ ਮੁੱਕਦੀ ਏ ਯਾਰ ਆਉਂਦਾ ਏ,
ਅਸਾਂ ਤੱਕਦੇ ਰਹੇ ਹਜ਼ਾਰ ਵੱਲੇ।
ਰਾਹ ਤੱਕਦਿਆਂ ਉਮਰਾਂ ਲੰਘ ਗਈਆਂ,
ਕੋਈ ਆਇਆ ਨਾ ਬਿਨਾਂ ਖ਼ੁਨਾਮੀਆਂ ਦੇ।

ਕੋਈ ਪੁੱਜਾ ਨਾ ਸਿਵਾ ਉਲਾਹਮਿਆਂ ਦੇ,
ਅੱਜ ਲਾਹ ਉਲਾਹਮੜੇ ਯਾਰ ਮੇਰੇ।
ਮਿਠੜੇ ਯਾਰ ਮੇਰੇ, ਜਾਨੀ ਯਾਰ ਮੇਰੇ,
ਅੱਜ ਆ ਵਿਹੜੇ, ਵਿਛੜੇ ਯਾਰ ਮੇਰੇ।

ਫ਼ਜ਼ਰ ਹੋਵੇ ਤੇ ਆਖੀਏ ਬਿਸਮ ਅੱਲਾਹ,
ਅੱਜ ਦੌਲਤਾਂ ਸਾਡੇ ਘਰ ਆਈਆਂ ਨੇ।
ਜੀਹਦੇ ਕੌਲ 'ਤੇ ਅਸਾਂ ਵਸਾਹ ਕੀਤਾ,
ਉਹਨੇ ਓੜਕ ਨੂੰ ਤੋੜ ਨਿਭਾਈਆਂ ਨੇ। •••

## ਗੀਤ

**ਫੈਜ਼ ਅਹਿਮਦ ਫੈਜ਼**

ਕਿਧਰੇ ਨਾ ਪੈਂਦੀਆਂ ਦੱਸਾਂ,
ਵੇ ਪ੍ਰਦੇਸੀਆ ਤੇਰੀਆਂ।

ਕਾਗ ਉਡਾਵਾਂ, ਸ਼ਗਨ ਮਨਾਵਾਂ,
ਵਗਦੀ 'ਵਾ ਦੇ ਤਰਲੇ ਪਾਵਾਂ।
ਤੇਰੀ ਯਾਦ ਆਵੇ ਤੇ ਰੋਵਾਂ,
ਤੇਰਾ ਜ਼ਿਕਰ ਕਰਾਂ ਤੇ ਹੱਸਾਂ,
ਕਿਧਰੇ ਨਾ ਪੈਂਦੀਆਂ ਦੱਸਾਂ।

ਦਰਦ ਨਾ ਦੱਸਾਂ ਘੁਲਦੀ ਜਾਵਾਂ,
ਰਾਜ਼ ਨਾ ਖੋਲ੍ਹਾਂ, ਮੁੱਕਦੀ ਜਾਵਾਂ।
ਕਿਸ ਨੂੰ ਦਿਲ ਦਾ ਦਾਗ਼ ਦਿਖਾਵਾਂ,
ਕਿਸ ਦਰ ਅੱਗੇ ਝੋਲੀ ਡਾਹਵਾਂ।
ਵੇ ਮੈਂ ਕਿਸ ਦਾ ਦਾਮਨ ਖੱਸਾਂ,
ਕਿਧਰੇ ਨਾ ਪੈਂਦੀਆਂ ਦੱਸਾਂ।

ਸ਼ਾਮ ਉਡੀਕਾਂ, ਫਜ਼ਰ ਉਡੀਕਾਂ,
ਆਖੇਂ ਤੇ ਸਾਰੀ ਉਮਰ ਉਡੀਕਾਂ।
ਆਂਢ ਗੁਆਂਢੀ ਦੀਵੇ ਬਲਦੇ,
ਰੱਬਾ ਸਾਡੇ ਚਾਨਣ ਘੱਲ ਦੇ।
ਜੱਗ ਵਸਦਾ ਏ ਮੈਂ ਵੀ ਵੱਸਾਂ,
ਕਿਧਰੇ ਨਾ ਪੈਂਦੀਆਂ ਦੱਸਾਂ।
ਕਿਧਰੇ ਨਾ ਪੈਂਦੀਆਂ ਦੱਸਾਂ।
ਵੇ ਪਰਦੇਸੀਆ ਤੇਰੀਆਂ।

(ਸਾਰੇ ਸੁਖ਼ਨ ਹਮਾਰੇ)

## ਇੱਕ ਨਜ਼ਮ

**ਅਹਿਮਦ ਰਾਹੀ**

ਇੰਝ ਲੱਗਦਾ ਏ
ਪਿਛਲੇ ਜਨਮ ਦਾ ਕਿੱਸਾ ਏ
ਮੈਂ ਪ੍ਰਦੇਸੀ ਬਣ ਕੇ ਜਿਸ ਦਿਨ
ਆਪਣੀ ਗਲੀ 'ਚ ਆਇਆ ਸਾਂ।
ਮੇਰੇ ਘਰ ਵਿਚ ਰਹਿੰਦੀਏ ਕੁੜੀਏ
ਤੂੰ ਉਸ ਛੱਜੇ ਤੇ ਬੈਠੀ ਸੈਂ
ਜਿਸ ਛੱਜੇ ਤੇ ਮੈਂ ਬਹਿੰਦਾ ਸਾਂ
ਤੈਨੂੰ ਕਿਸੇ ਨੇ ਦੱਸ ਦਿੱਤਾ ਸੀ
ਇਹ 'ਰਾਹੀ' ਏ
ਇਹ ਉਹ ਕਵੀ ਹੈ
ਜਿਸ ਦਾ ਘਰ ਹੁਣ ਤੁਹਾਡਾ ਘਰ ਹੈ
ਤੇ ਉਹ ਬਾਹਰ ਥੜੇ ਤੇ ਬੈਠਾ
ਪਿਛੇ ਜ਼ਿਹਨ ਉਡਾਰੀ ਲਾ ਕੇ
ਆਪਣੇ ਘਰ ਦੇ ਇੱਕ ਇੱਕ ਕਮਰੇ
ਹਰ ਕਮਰੇ ਦੀ ਇੱਕ ਇੱਕ ਨੁੱਕਰ
ਇੱਕ ਇੱਕ ਇੱਟ ਨੂੰ ਗਿਣਦਾ ਪਿਆ ਏ।

ਉਹ ਹਮਸਾਈਆਂ
ਉਹ ਭਰਜਾਈਆਂ
ਜਿਹੜੀਆਂ ਗਲੀ ਦੇ ਮੋੜ ਤੋਂ ਲੈ ਕੇ
ਆਪਣੇ ਘਰਾਂ ਤੱਕ
ਘੁੰਡਾਂ ਦੇ ਪ੍ਰਛਾਵਿਆਂ ਹੇਠਾਂ ਸਦਾ ਸੀ ਆਈਆਂ
ਉਹਨਾਂ ਉਸ ਦਿਨ ਘੁੰਡ ਲਾਹ ਦਿੱਤੇ
ਮੈਨੂੰ ਆਪਣੇ ਗਲ ਨਾਲ ਲਾਇਆ
ਮੇਰੇ ਅੱਥਰੂ ਪੱਥਰ ਹੋ ਗਏ
ਏਡਾ ਨਿੱਘਾ ਪਿਆਰ ਵੇਖ ਕੇ
ਰੋਣਾ ਵੀ ਨਾ ਮੈਨੂੰ ਆਇਆ।

ਇੱਕ ਦਿਨ ਤੇਰਾ ਸੁਨੇਹਾ ਆਇਆ
"ਜਿੱਥੇ ਬਹਿ ਕੇ ਤੁਸਾਂ ਕਵੀ ਜੀ
ਕਵਿਤਾ ਲਿਖੀ,
ਮੈਂ ਹੁਣ ਉਥੇ ਬਹਿ ਕੇ
ਲਿਖਾਂ ਕਹਾਣੀ।"
ਉਸ ਦਿਨ ਮੈਨੂੰ ਚੇਤਾ ਆਇਆ,
ਤੂੰ ਤਾਂ ਆਪ ਕਹਾਣੀ ਵਰਗੀ ਇੱਕ ਕੁੜੀ ਏਂ
ਮੈਂ ਤੇਰੇ ਤੇ ਨਜ਼ਮ ਲਿਖਾਂਗਾ



ਪਰ ਉਹ ਕੁੜੀ ਜੋ ਮੈਂ ਤੱਕੀ ਸੀ
ਮੇਰੇ ਵਾਂਗੂੰ ਜਿਹੜੀ ਛੱਜੇ ਤੇ ਬੈਠੀ ਸੀ
ਮੇਰੇ ਕਮਰੇ ਵਿਚ ਬਹਿ ਕੇ
ਜਿਸ ਕਹਾਣੀਆਂ ਲਿਖੀਆਂ
ਸਮੇਂ ਦਾ ਲੰਮਾ ਪੈਂਡਾ ਟੁਰ ਕੇ
ਖ਼ੌਰੇ ਕਿੱਥੇ ਅੱਪੜੀ ਹੋਸੀ
ਸੋਹਲ, ਮਲੂਕ ਤੇ ਕੋਮਲ ਜੇਹੀ
ਜੋ ਮੈਂ ਤੱਕੀ ਸੀ
ਉਹਦੇ ਵਰਗੀ ਖ਼ੌਰੇ ਹੁਣ
ਉਹਦੀ ਧੀ ਹੋਸੀ

ਕਿੰਨੇ ਈ ਸਾਲ ਪੁਰਾਣੀ ਗੱਲ ਏ
ਮੈਂ ਉਹਦੇ ਤੇ ਨਜ਼ਮ ਸੀ ਲਿਖਣੀ,
ਜਿਹੜੀ ਨਜ਼ਮ ਮੈਂ ਅੱਜ ਲਿਖੀ ਏ,
ਆਪਣੇ ਵਲੋਂ ਕਿੰਨੇ ਹੀ ਸਾਲ ਪੁਰਾਣਾ ਕਰਜ਼ਾ
ਆਪਣੇ ਸਿਰ ਤੋਂ ਲਾਹ ਦਿੱਤਾ ਏ
ਉਹਨੂੰ ਯਾਦ ਵੀ ਨਹੀਂ ਹੋਵੇਗਾ
ਉਹਨੇ ਇੱਕ ਸੁਨੇਹਾ ਘੱਲਿਆ ਸੀ
ਉਥੇ ਲੋਕੀਂ ਗੱਲਾਂ ਤੇ ਕੀ
ਪਿਆਰਾਂ ਨੂੰ ਵੀ ਭੁੱਲ ਜਾਂਦੇ ਨੇ।

(ਇਨਤਖ਼ਾਬ ਸੰਗ੍ਰਹਿ ਵਿੱਚੋਂ)

## ਨਵਾਂ ਨਵਾਂ ਬੂਰ

**ਅਹਿਮਦ ਰਾਹੀ**

ਅਜੇ ਨਵਾਂ ਨਵਾਂ ਅੰਬੀਆਂ ਨੂੰ ਬੂਰ
ਅਜੇ ਹੋਂਟਾਂ ਵਿਚ ਅਣ-ਛੋਹੀਆਂ ਕਲੀਆਂ ਦੇ ਰਸ
ਅਜੇ ਬਾਹਵਾਂ ਵਿਚ ਸੱਜਰੀਆਂ ਸ਼ਾਖਾਂ ਦੀ ਹਿਲੋਰ
ਅਜੇ ਅਨਖਿੜੇ ਫੁੱਲਾਂ ਜੇਹੀ ਹਾਸਿਆਂ ਦੀ ਦੱਖ
ਅਜੇ ਟੋਰਾਂ ਵਿਚ ਚੜ੍ਹਦੀਆਂ ਪੀਂਘਾਂ ਵਾਲਾ ਜ਼ੋਰ
ਅਜੇ ਮਾਹੀਏ, ਟੱਪੇ, ਢੋਲਿਆਂ ਦੇ ਨਿੰਮ੍ਹੇ-ਨਿੰਮ੍ਹੇ ਰੰਗ
ਅਜੇ ਦਿਲਾਂ ਵਿਚ ਸੱਧਰਾਂ ਦਾ ਸੁੱਤ ਸੁੱਤਾ ਸ਼ੋਰ
ਅਜੇ ਤ੍ਰਿੰਞਣਾਂ 'ਚ ਕਿਕਲੀਆਂ, ਗਿੱਧਿਆਂ ਦੇ ਚਾਅ
ਅਜੇ ਪੈਲੀਆਂ 'ਚ ਪੈਲਾਂ ਪਾਉਣ ਸਿੱਖੇ ਨਹੀਂ ਮੋਰ
ਅਜੇ ਸਾਹਾਂ 'ਚ ਸਹੇਲੀਆਂ ਦੇ ਸਾਹਵਾਂ ਦੀ ਹਵਾੜ
ਅਜੇ ਸਹੇਲੀਆਂ ਹੀ ਚੰਨ ਤੇ ਸਹੇਲੀਆਂ ਚਕੋਰ
ਅਜੇ ਕੰਢਿਆਂ ਦੇ ਨਾਲ਼-ਨਾਲ਼ ਖੜੀਆਂ ਬੇੜੀਆਂ
ਅਜੇ ਦੂਰ-ਦੂਰ ਬੇੜੀਆਂ ਤੋਂ ਛੱਲਾਂ ਦੂਰ-ਦੂਰ
ਅਜੇ ਨਵਾਂ ਨਵਾਂ ਅੰਬੀਆਂ ਨੂੰ ਬੂਰ

## ਗੀਤ

**ਅਹਿਮਦ ਰਾਹੀ**

ਨਿੰਮ੍ਹੀ ਨਿੰਮ੍ਹੀ 'ਵਾ ਵਗਦੀ
ਰੁੱਖ ਡੋਲਦੇ ਤੇ ਅੱਖ ਨਹੀਓਂ ਲੱਗਦੀ
ਨਿੰਮ੍ਹੀ ਨਿੰਮ੍ਹੀ 'ਵਾ ਵਗਦੀ,
ਸਾਨੂੰ ਠੱਗ ਗਈ ਯਾਦ ਇੱਕ ਠੱਗ ਦੀ
ਨਿੰਮ੍ਹੀ ਨਿੰਮ੍ਹੀ 'ਵਾ ਵਗਦੀ।

ਰਾਹਵਾਂ ਤੱਕ-ਤੱਕ
ਤੱਕ ਤੱਕ ਥੱਕਦੀਆਂ ਨਾ
ਅੱਖਾਂ ਅੱਕਦੀਆਂ ਨਾ।
ਹੁਣ ਬਿਨਾਂ ਵੇਖਣ ਦੇ ਰਹਿ ਸਕਦੀਆਂ ਨਾ।
ਉਹਦੀ ਤਾਂਘ ਤੇ ਨਾਲ ਡਰੀ ਜੱਗ ਦੀ
ਨਿੰਮ੍ਹੀ ਨਿੰਮ੍ਹੀ 'ਵਾ ਵਗਦੀ।

ਲੋਕਾਂ ਕੋਲੋਂ ਤੇ ਲੁਕਾਵਾਂਗੀ
ਹੱਸ ਹੱਸ ਕੇ
ਝੂਠ ਸੱਚ ਦੱਸ ਕੇ
ਪਰ ਦਿਲ ਕੋਲੋਂ ਜਾਵਾਂਗੀ ਮੈਂ ਕਿੱਥੇ ਨੱਸ ਕੇ
ਲਾਟ ਪਿਆਰ ਵਾਲੀ ਲਟ ਲਟ ਜਗਦੀ
ਨਿੰਮ੍ਹੀ ਨਿੰਮ੍ਹੀ 'ਵਾ ਵਗਦੀ।

ਜਦੋਂ ਪਾਣੀ ਭਰਨੇ ਨੂੰ ਜਾਵਾਂ ਤੜਕੇ-ਤੜਕੇ
ਮੇਰਾ ਦਿਲ ਧੜਕੇ
ਜੇ ਬੁਲਾਇਆ ਉਹਨੇ ਕਿਤੇ ਬਾਂਹ ਫੜ ਕੇ
ਫੇਰੀ ਭਖ਼ ਪਊ ਦੱਬੀ ਹੋਈ ਅੱਗ ਦੀ
ਨਿੰਮ੍ਹੀ ਨਿੰਮ੍ਹੀ 'ਵਾ ਵਗਦੀ।

## ਧੀ ਕੰਮੀ ਦੀ

ਹਬੀਬ ਜਾਲਿਬ

ਧੀ ਕੰਮੀ ਦੀ ਵੱਡੇ ਘਰ ਵਿਚ
ਬੁੱਤੀਆਂ ਕਰਦੀ
ਹੰਝੂ ਪੀਂਦੀ, ਹਉਕੇ ਭਰਦੀ
ਬੁੱਢੇ ਖਾਨ ਦਾ ਹੁੱਕਾ
ਦਿਨ ਵਿਚ ਸੌ ਸੌ ਵਾਰੀ ਤਾਜ਼ਾ ਕਰਦੀ
ਸਭ ਦੀ ਗੋਲੀ, ਸਭ ਤੋਂ ਡਰਦੀ
ਨਾ ਉਹ ਜਿਊਂਦੀ, ਨਾ ਉਹ ਮਰਦੀ।

ਖਾਨ ਦਾ ਪੁੱਤਰ ਬੈਠਕ ਦੇ ਵਿਚ
ਹਾਸੇ ਭਾਣੇ ਬਾਂਹ ਫੜ ਲੈਂਦਾ
ਐਵੇਂ ਹੱਸਦਾ, ਐਵੇਂ ਖਹਿੰਦਾ
ਕੀ ਦੱਸਾਂ ਉਹ ਕੀ-ਕੀ ਕਹਿੰਦਾ।

ਅੱਧੀ ਰਾਤੀਂ ਛੋਟੀ ਬੀਬੀ ਕਹਿੰਦੀ
ਉੱਠ ਤਕੀਏ ਵੱਲ ਚੱਲੀਏ।

ਜੇ ਕੰਮੀ ਨੇ ਪਿੰਡ ਵਿਚ ਰਹਿਣਾ।
ਫਿਰ ਇਹ ਸਭ ਕੁਝ ਕਰਨਾ ਪੈਣਾ।

(ਸੱਜਰੇ ਫੁੱਲ 1959)

## ਗ਼ਜ਼ਲ / ਹਬੀਬ ਜਾਲਿਬ

ਜਾਲਿਬ ਸਾਈਂ, ਕਦੀ ਕਦਾਈਂ ਚੰਗੀ ਗੱਲ ਕਹਿ ਜਾਂਦਾ ਏ।
ਲੱਖ ਪੂਜੋ ਚੜ੍ਹਦੇ ਸੂਰਜ ਨੂੰ, ਆਖ਼ਰ ਇਹ ਲਹਿ ਜਾਂਦਾ ਏ।

ਬਾਝ ਤੇਰੇ ਓ ਦਿਲ ਦੇ ਸਾਥੀ, ਦਿਲ ਦੀ ਹਾਲਤ ਕੀ ਦੱਸਾਂ,
ਕਦੀ ਕਦੀ ਇਹ ਥੱਕਿਆ ਰਾਹੀ, ਰਸਤੇ ਵਿਚ ਬਹਿ ਜਾਂਦਾ ਏ।

ਸਾਵਲ ਬਾਰ ਵਸੇਂਦੀਏ ਹੀਰੇ, ਵੱਸਦੇ ਰਹਿਣ ਤੇਰੇ ਹਾਸੇ,
ਦੋ ਪਲ ਤੇਰੇ ਗ਼ਮ ਦਾ ਪ੍ਰਾਹੁਣਾ, ਅੱਖੀਆਂ ਵਿਚ ਰਹਿ ਜਾਂਦਾ ਏ।

ਹਾਏ ਦੁਆਬੇ ਦੀ ਉਹ ਦੁਨੀਆਂ, ਜਿੱਥੇ ਮੁਹੱਬਤ ਵਸਦੀ ਸੀ,
ਹੰਝੂ ਬਣ ਕੇ ਦੁੱਖ ਵਤਨਾਂ ਦਾ, ਅੱਖੀਆਂ 'ਚੋਂ ਵਹਿ ਜਾਂਦਾ ਏ।

ਫਜ਼ਰੇ ਉਹ ਚਮਕਾਉਂਦਾ ਡਿੱਠਾ, ਜਾਲਿਬ ਸਾਰੀ ਦੁਨੀਆ ਨੂੰ,
ਰਾਤੀਂ ਜਿਹੜਾ ਸੇਕ ਦੁੱਖਾਂ ਦੇ, ਹੱਸ ਹੱਸ ਕੇ ਸਹਿ ਜਾਂਦਾ ਏ।

## ਬੂਟਾਂ ਦੀ ਸਰਕਾਰ

ਹਬੀਬ ਜਾਲਿਬ

ਡਾਕੂਆਂ ਦਾ ਜੇ ਸਾਥ ਨਾ ਦਿੰਦਾ, ਪਿੰਡ ਦਾ ਪਹਿਰੇਦਾਰ।
ਅੱਜ ਪੈਰੀਂ ਜ਼ੰਜੀਰ ਨਾ ਹੁੰਦੀ, ਜਿੱਤ ਨਾ ਬਣਦੀ ਹਾਰ।
ਪੱਗਾਂ ਆਪਣੇ ਗਲ ਵਿਚ ਪਾ ਲਓ, ਤੁਰੋ ਪੇਟ ਦੇ ਭਾਰ।
ਚੜ੍ਹ ਜਾਏ ਤੇ ਮੁਸ਼ਕਿਲ ਲਹਿੰਦੀ, ਬੂਟਾਂ ਦੀ ਸਰਕਾਰ।

(ਜਨਰਲ ਯਹੀਆ ਖ਼ਾਂ ਦੇ ਸਮੇਂ ਲਿਖੀ ਗਈ)



## ਨਜ਼ਮਾਂ / ਬਾਕੀ ਸਦੀਕੀ

1.

ਮੈਂ ਇਨਸਾਨ
ਮੈਂਡੇ ਕਈ ਪ੍ਰਛਾਵੇਂ
ਹਿੱਕ ਪ੍ਰਛਾਵਾਂ
ਦੁਨੀਆ ਤੱਕੇ
ਹੋਰ ਪ੍ਰਛਾਵੇਂ ਮੈਂਡੇ ਅੰਦਰ ਸ਼ੂਕਣ
ਮੈਂਡੀ ਮਿੱਟੀ ਚੱਟਣ
ਮੈਂਡੀਆਂ ਨੀਹਾਂ ਪੱਟਣ
ਮੈਂ ਗੁੱਠਾਂ ਵਿਚ ਬੈਠਾ
ਦੁਨੀਆ ਕੋਲੋਂ ਡਰਨਾ
ਉਹਨਾਂ ਉੱਤੇ ਰੰਗ ਬਰੰਗੇ ਕੱਪੜੇ ਪਾਵਾਂ
ਲਾ ਲਾ ਕੇ ਖੁਸ਼ਬੋਆਂ
ਆਪਣਾ ਗੰਦ ਛੁਪਾਵਾਂ।

### 2. ਆਜ਼ਾਦੀ

ਉੱਚੀਆਂ ਕੰਧਾਂ ਡੱਕ ਨਾ ਸਕਣ
ਫੁੱਲਾਂ ਦੀ ਖੁਸ਼ਬੋ

### 3. ਬੁਢਾਪਾ

ਗੱਡੀ ਲੰਘ ਗਈ
ਤੇ ਪਿੱਛੇ ਰਹਿ ਗਿਆ
ਭਾਂ ਭਾਂ ਕਰਦਾ ਟੇਸ਼ਨ
ਤੇ ਸ਼ਾਂ ਸ਼ਾਂ ਕਰਦੇ ਕੰਨ

### 4. ਦਾਦੂ

ਦਾਦੂ ਹਿੱਕ ਬਦਮਾਸ਼
ਉੱਚਾ ਸ਼ਮਲਾ ਰੱਖੇ
ਚਿੱਟੇ ਕੱਪੜੇ ਪਾਵੇ
ਟੁਰਨਾ ਫਿਰਨਾ ਫਿਤਨਾ
ਸੁਤੀਆਂ ਕਲਾ ਜਗਾਏ
ਕੋਈ ਕੰਧ ਨਾ ਛੋੜੇ
ਰਾਤੀਂ ਸੰਨ੍ਹਾਂ ਲਾਵੇ
ਫਜਰੀਂ ਕਿੱਕਰਾਂ ਥੱਲੇ
ਬਹਿ ਕੇ ਖੇਡੇ ਤਾਸ਼
ਦਾਦੂ ਹਿੱਕ ਬਦਮਾਸ਼।

ਦਾਦੂ ਹਿੱਕ ਬਦਮਾਸ਼
ਨਿੱਕੇ ਵੱਡੇ ਸਾਰੇ
ਉਸ ਨੇ ਅੱਗੇ ਨੰਗੇ
ਰਾਹ ਵਿਚ ਖਲ ਕੇ ਪਾਣੀ
ਕੁੜੀਆਂ ਕੋਲੋਂ ਮੰਗੇ
ਜਿੱਥੋਂ ਕੋਈ ਰੋਕੇ
ਉਥੋਂ ਮੁੜ ਮੁੜ ਲੰਘੇ
ਕੱਸੀ ਵਿਚੋਂ ਫਜਰੀਂ
ਲੱਭੀ ਉਸ ਦੀ ਲਾਸ਼
ਦਾਦੂ ਹਿੱਕ ਬਦਮਾਸ਼

('ਕੱਚੇ ਘੜੇ' 'ਚੋਂ)

# ਮੈਂ ਪੰਜਾਬੀ

ਫ਼ੀਰੋਜ਼ਦੀਨ ਸ਼ਰਫ਼

ਮੈਂ ਪੰਜਾਬੀ ਪੰਜਾਬ ਦਾ ਰਹਿਣ ਵਾਲਾ
ਹਾਂ ਮੈਂ ਪੇਂਡੂ, ਪਰ ਸ਼ਹਿਰੀਏ ਰੰਗ ਦਾ ਹਾਂ।

ਸਮਝਾਂ ਫਾਰਸੀ, ਉਰਦੂ ਵੀ ਖ਼ੂਬ ਬੋਲਾਂ,
ਥੋੜ੍ਹੀ ਬਹੁਤ ਅੰਗਰੇਜ਼ੀ ਵੀ ਅੰਗ ਦਾ ਹਾਂ।

ਬੋਲੀ ਆਪਣੀ ਨਾਲ ਪਿਆਰ ਰੱਖਾਂ,
ਇਹ ਗੱਲ ਆਖਣੋਂ ਕਦੇ ਨਾ ਸੰਗਦਾ ਹਾਂ।

ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਹਾਂ,
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।

ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।

'ਵਾਰਸ ਸ਼ਾਹ' ਤੇ 'ਬੁੱਲ੍ਹੇ' ਦੇ ਰੰਗ ਅੰਦਰ,
ਡੋਬ ਡੋਬ ਕੇ ਜ਼ਿੰਦਗੀ ਰੰਗਦਾ ਹਾਂ।

ਰਵ੍ਹਾਂ ਏਥੇ ਤੇ ਯੂ. ਪੀ. ਵਿਚ ਕਰਾਂ ਗੱਲਾਂ,
ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ।

ਮੈਂ ਪੰਜਾਬੀ, ਪੰਜਾਬ ਦਾ ਰਹਿਣ ਵਾਲਾ,
ਸਦਾ ਖ਼ੈਰ ਪੰਜਾਬੀ ਦਾ ਮੰਗਦਾ ਹਾਂ।

ਸ਼ਰਫ਼ ਰਚਨਾਵਲੀ ਭਾਗ ਪਹਿਲਾ ਭਾਸ਼ਾ ਵਿਭਾਗ ਪੰਜਾਬ)



# 1. ਮਾਂਗਵੀਂ ਬੰਦੂਕ/ ਸਾਈਂ ਅਖ਼ਤਰ ਲਾਹੌਰੀ

ਪੰਛੀ ਬਾਗ ਦੇ ਤੇ ਐਵੇਂ ਨਹੀਂ ਮੁੱਕਣੇ
ਓਏ ਮਾਂਗਵੀਂ ਬੰਦੂਕ ਵਾਲਿਆ!

ਚਹਿਕਣਾ ਆਜ਼ਾਦੀਆਂ ਦੇ ਗੀਤ ਇਹਨਾਂ ਗਾਣੇ ਨੇ।
ਸੋਹਣੇ ਸੋਹਣੇ ਟਾਹਣੀਆਂ 'ਤੇ ਆਹਲਣੇ ਬਣਾਉਣੇ ਨੇ।
ਪੱਕੇ ਪੱਕੇ ਫਲ ਇਹਨਾਂ ਟੁੱਕ ਟੁੱਕ ਖਾਣੇ ਨੇ।
ਬੋਲਦੇ ਕੁਵੇਲ਼ੇ ਨਹੀਂ ਇਹ, ਡਾਢੇ ਹੀ ਸਿਆਣੇ ਨੇ।
ਚੋਗਾਂ ਤੇਰੀਆਂ ਦੇ ਨੇੜੇ ਨਹੀਂ ਢੁੱਕਣਾ।
ਓਏ ਮਾਂਗਵੀਂ ਬੰਦੂਕ ਵਾਲਿਆ!

ਪਿੰਜਰੇ 'ਚ ਬੰਦ ਰਹਿ ਕੇ ਬੋਲੀਆਂ ਨੇ ਬੋਲਦੇ।
ਰਮਜ਼ਾਂ ਦੇ ਮੋਤੀ ਇਹ ਆਜ਼ਾਦੀਆਂ ਲਈ ਰੋਲਦੇ।
ਸਦਮੇਂ ਸਹਾਰ ਲੈਂਦੇ, ਮਨੋਂ ਨਹੀਂ ਡੋਲਦੇ।
ਮੁੱਕ ਜਾਣ ਜਾਨੋਂ, ਕੁੰਡਾ ਦਿਲ ਦਾ ਨਹੀਂ ਖੋਲ੍ਹਦੇ।
ਬੁੱਲ੍ਹ ਬੋਲਦਿਆਂ ਇਹਨਾਂ ਦੇ ਨਹੀਂ ਥੱਕਣੇ,
ਓਏ ਮਾਂਗਵੀਂ ਬੰਦੂਕ ਵਾਲਿਆ!

ਆਉਣ ਵਾਲੇ ਦਿਲਾਂ ਦੀਆਂ ਬੋਲਦੇ ਨੇ ਬੋਲੀਆਂ।
ਡਰਦੇ ਨਾ, ਸੀਨੇ ਉੱਤੇ ਖਾਂਦੇ ਨੇ ਇਹ ਗੋਲੀਆਂ।
ਆਜ਼ਾਦੀਆਂ ਦੇ ਮੋਤੀ ਦੇਣ ਭਰ ਭਰ ਝੋਲੀਆਂ।
ਗੱਲਾਂ ਇਹਨਾਂ ਸੋਚਾਂ ਦੀਆਂ ਤੱਕੜੀ 'ਚ ਤੋਲੀਆਂ।
ਖ਼ਿਆਲ ਇਹਨਾਂ ਦੇ ਨਹੀਂ ਬੁੱਲ੍ਹਾਂ ਉੱਤੇ ਰੁਕਣੇ,
ਓਏ ਮਾਂਗਵੀਂ ਬੰਦੂਕ ਵਾਲਿਆ!

ਇਹਨਾਂ ਦੀਆਂ ਆਪੋ ਵਿਚ ਪੱਕੀਆਂ ਨੇ ਯਾਰੀਆਂ।
'ਕੱਠੇ ਹੋ ਕੇ ਬਹਿੰਦੇ, ਲੈਂਦੇ 'ਕੱਠੀਆਂ ਉਡਾਰੀਆਂ।
ਫਸੇ ਨਾ ਇਹ, ਲੱਖ ਜਾਲ ਲਾਏ ਨੇ ਸ਼ਿਕਾਰੀਆਂ।
ਇਹਨਾਂ ਦੀਆਂ ਚੁੰਝਾਂ ਵੈਰੀ ਲਈ ਨੇ ਕਟਾਰੀਆਂ।
ਤੇਰੇ ਮਕਰੀ-ਫਰੇਬੀ ਜਾਲ ਟੁੱਟਣੇ
ਓਏ ਮਾਂਗਵੀਂ ਬੰਦੂਕ ਵਾਲਿਆ!

•••

## 2. ਹਿਰਨੀ

ਬੁੱਲ੍ਹਿਆ ਤੇਰੀ ਬਸਤੀ ਦੇ ਵਿਚ, ਵਣਜ ਕਰਨ ਵਣਜਾਰੇ।
ਹੌਲਾ ਮਾਲ ਤੇ ਬਹੁਤੀਆਂ ਰਕਮਾਂ, ਸੂਦ ਇਨ੍ਹਾਂ ਦੇ ਭਾਰੇ।

ਵਿਚ ਬਸਤੀ ਦੇ ਉਸਰਨ ਲੱਗੀ, ਚੌਧਰੀਆਂ ਦੀ ਮਾੜੀ,
ਹੋਰ ਵੀ ਢਾਹ ਕੇ ਨੀਂਵੇ ਕਰ ਲਓ, ਕੰਮੀਓਂ! ਆਪਣੇ ਢਾਰੇ।

ਵੰਨ-ਸਵੰਨੀ ਚੋਗ ਖਿਲਾਰੀ, ਥਾਂ-ਥਾਂ ਗੱਡੀਆਂ ਫਾਹੀਆਂ
ਓਸੇ ਪੰਛੀ ਫਸਣਾ ਏ ਜਿਹਨੇ ਪਹਿਲੇ ਖੰਭ ਖਿਲਾਰੇ।

ਪੱਗ ਪੰਜਾਬ ਦੀ ਪੈਰੀਂ ਰੁਲ ਗਈ, ਸਾਰ ਕਿਸੇ ਨਾ ਪੁੱਛੀ,
ਤੇਰੇ ਦੇਸ਼ 'ਚ 'ਸ਼ਾਹ ਹੁਸੈਨਾ' ਕਿਹੜਾ ਜ਼ੁਲਮ ਵੰਗਾਰੇ।

ਅੰਨ੍ਹਾ ਲਾੜਾ, ਗੁੰਗੀ ਵਹੁਟੀ, ਜਾਂਞੀ ਸਾਰੇ ਬੋਲੇ,
ਕੋਹੜੇ ਲਾਗੀ, ਸ਼ਾਮਿਲ ਵਾਜੇ, ਕਿਹੜਾ ਕਾਜ ਸਵਾਰੇ।

ਵੇਖ ਵਡੇਰਾ ਰੋਲ ਨਾ ਦੇਵੇ, ਮਾਂ ਬੋਲੀ ਦੀ ਚੁੰਨੀ,
ਰਾਖੇ ਇਹਦੇ ਟਾਂਵੇਂ ਟਾਂਵੇਂ, ਬੋਲਣ ਬਹੁਤ ਬੁਲਾਰੇ।

## 3. ਸਜ਼ਾ

ਭੈੜੇ ਅਮਲ ਵਡੇਰੇ ਜ਼ਰਦਾਰ ਕਰਦੇ
ਉਹਦੀ ਮਿਲੇ ਸਜ਼ਾ ਪਰ ਕੰਮੀਆਂ ਨੂੰ।

ਜਾਇਦਾਦ ਬਚਾਣ ਲਈ ਮਾਰ ਦਿੰਦੇ,
ਜੀਊਂਦਾ ਦੱਬ ਦੇਂਦੇ ਧੀਆਂ ਜੰਮੀਆਂ ਨੂੰ।

ਊਚ-ਨੀਚ ਦਾ ਏਨਾ ਧਿਆਨ ਰੱਖਣ
ਰੋਲ ਮਾਰ ਦੇਂਦੇ 'ਹੀਰਾਂ' 'ਸੰਮੀਆਂ' ਨੂੰ

ਮੰਗਣ ਜੇ ਆਜ਼ਾਦੀਆਂ ਵੱਢ ਕੇ ਤੇ
ਅੱਧਾ ਕਰ ਦੇਂਦੇ ਨਾਰਾਂ ਲੰਮੀਆਂ ਨੂੰ।

•••



## 4. ਨਿਬੇੜਾ

'ਬੋਲੀ ਵਾਰਸ ਦੀ' ਜਦ ਤੱਕ ਨਾ ਹੋਈ ਲਾਗੂ,
ਉਦੋਂ ਤੀਕ ਨਹੀਂ ਵੈਰੀ ਨੂੰ ਠੱਲ੍ਹ ਪੈਣੀ।

ਤੁਸੀਂ ਬੇਜੀਭੇ, ਗੁੰਗੇ, ਮਾਂ ਮਿੱਟਰ,
ਤੁਹਾਡੀ ਇਹ ਪੰਜਾਬੀਓ ਅੱਲ ਪੈਣੀ।

ਮਾਂ ਮਰੇ ਤੇ ਪੁੱਤ ਨੇ ਰੁਲ ਜਾਂਦੇ,
ਪਿਓ ਨੇ ਹੋਰ ਕਰਨੀ, ਸੀਨੇ ਸੱਲ ਪੈਣੀ।

ਓੜਕ ਕਰਨਾ ਨਿਬੇੜਾ ਪੰਜਾਬੀਆਂ ਨੇ,
ਛਿੰਝ ਅੱਜ ਪੈਣੀ, ਭਾਵੇਂ ਕੱਲ੍ਹ ਪੈਣੀ।

## 5. ਮਸਲੇ

ਸਾਥੋਂ ਮਿੱਟੀ ਦੇ ਮਸਲੇ ਨਹੀਂ ਹੱਲ ਹੁੰਦੇ।
ਹੱਲ ਕਰੇ ਅਸਮਾਨ ਦੇ ਕੌਣ ਮਸਲੇ।

ਫਜ਼ਰ ਚੜ੍ਹਦਿਆਂ ਸਾਰ ਈ ਬਰਲ ਪਾਉਂਦੇ,
ਰਾਤੀਂ ਸੁਫ਼ਨਿਆਂ ਦੇ ਵਿਚ ਆਉਣ ਮਸਲੇ।

ਇਹਨਾਂ ਨਾਲ ਜਾਂ ਬੰਦੇ ਦਾ ਵਾਹ ਪੈਂਦਾ,
ਭੰਨ ਦੇਣ ਬਲਵਾਨ ਦੀ ਧੌਣ ਮਸਲੇ।

ਰੰਨਾਂ ਨਾਲੋਂ ਇਹ ਹੇਜਲੇ ਪਰੀ-ਜ਼ਾਦੇ,
ਮੰਜੀ ਡਾਹਵਾਂ ਤੇ ਨਾਲ ਹੀ ਸੌਣ ਮਸਲੇ।

## 6. ਮਸੀਤ-ਮੰਦਰ

ਉਹਨਾਂ ਢਾਹੀ ਮਸੀਤ ਤੇ ਬੁਰਾ ਕੀਤਾ
ਬੁਰਾ ਹੋਰ ਹੋਇਆ, ਇਹਨਾਂ ਢਾਹੇ ਮੰਦਰ।

ਮੰਦਰ ਢਾਹੁਣ ਵਾਲੇ ਘਰੀਂ ਜਾ ਸੁੱਤੇ,
ਕਬਜ਼ਾ ਕਰਨ ਵਾਲੇ ਵੜੀ ਜਾਣ ਅੰਦਰ।

ਆਮਦਨ ਵੇਖ ਖ਼ਿਆਲੀ ਪਏ ਇੰਝ ਨੱਚਣ,
ਝੂਲੇ ਕੁੱਜੀ 'ਚ ਵੇਖ ਕੇ ਜਿਵੇਂ ਬੰਦਰ।

ਥੱਲੇ ਹੋਣ ਦੁਕਾਨਾਂ, ਮਸੀਤ ਉੱਤੇ,
ਸਾਡੇ ਲਈ ਨੇ ਸਾਂਝੇ ਮਸੀਤ ਮੰਦਰ।

## ਸਵੰਬਰ / ਅਫ਼ਜ਼ਲ ਅਹਿਸਨ ਰੰਧਾਵਾ

1.

ਇੱਕ ਬੂਹੇ ਉਹਦੇ ਸੂਰਜ ਬੈਠਾ
ਇੱਕ ਤੇ ਚੰਨ ਖੜਾ
ਇੱਕ ਬੂਹੇ ਤੇ ਥਲ ਖਲੋਤਾ
ਇੱਕ ਬੂਹੇ ਦਰਿਆ
ਇੱਕ ਬੂਹੇ ਉਹਦਾ ਖਲਾ ਸਮੁੰਦਰ
ਪਰਬਤ ਦੂਜੇ ਦਾ।
ਇੱਕ ਬੂਹੇ ਉਹਦੇ ਰੰਗ-ਸੁਗੰਧਾਂ
ਇਕ ਬੂਹੇ ਤੇ 'ਵਾ।
ਇੱਕ ਬੂਹੇ ਉਹਦੇ ਰੁੱਤਾਂ ਖੜੀਆਂ
ਹੱਥ ਬੰਨ੍ਹ ਸੀਸ ਨਿਵਾ
ਇੱਕ ਬੂਹਾ ਉਹਦਾ ਰੁੱਖਾਂ ਮੱਲਿਆ
ਇੱਕ ਪੰਛੀਆਂ ਆ
ਇੱਕ ਬੂਹੇ ਤੇ ਖਲਕਤ ਢੁੱਕੀ
ਇੱਕ ਤੋਂ ਇੱਕ ਸਿਵਾ
ਸਾਰੇ ਬੂਹੇ ਮਾਰੀ ਅੰਦਰ
'ਕੱਲਾ ਫਿਰੇ ਪਿਆ
ਬੂਹੇ ਬੂਹੇ ਵਿਰਲੀਂ ਝੀਥੀਂ
ਬਾਹਰ ਤੱਕ ਰਿਹਾ
ਜਿਸ ਲਈ ਇਹ ਸਭ ਢੌਂਗ ਰਚਾਇਆ
ਉਹ ਨਹੀਂ ਕਿਤੇ ਖਲਾ।

(ਛੇਵਾਂ ਦਰਿਆ ਵਿਚੋਂ)

## 2. ਗ਼ਜ਼ਲ / ਅਫ਼ਜ਼ਲ ਅਹਿਸਨ ਰੰਧਾਵਾ

ਭੁੱਖੇ ਢਿੱਡ ਨੂੰ ਲੋਰੀਆਂ ਦੇ ਦੇ ਕੀ ਪਰਚਾਉਂਦਿਆਂ ਰਹਿਣਾ,
ਘਰ ਵਿਚ ਬਹਿ ਕੇ ਰੋ ਧੋ ਲੈਣਾ, ਬਾਹਰ ਗਾਉਂਦਿਆਂ ਰਹਿਣਾ।

ਕੀ ਹੈ ਅਸਲ ਹਯਾਤੀ, ਭੌਣ ਤਿਆਗ ਕੇ ਕੀੜੇ ਵਾਂਗੂੰ,
ਥਲ ਦੀ ਰੇਤ 'ਚ ਖੰਡ ਦੇ ਦਾਣੇ ਵਾਸਤੇ ਭਾਉਂਦਿਆਂ ਰਹਿਣਾ।

ਰਾਤਾਂ ਦੇ ਖੜਕਾਰ, ਹਨ੍ਹੇਰੇ, ਤਾਂਘਣ, ਭਾਲਣ, ਪਾਲਣ,
ਮੇਰਾ ਕੰਮ ਏ ਬੁਝਦੇ ਦੀਵੇ, ਫੇਰ ਜਗਾਉਂਦਿਆਂ ਰਹਿਣਾ।

ਜਦ ਤੱਕ ਸੁੱਤੇ ਲੋਕ ਨਾ ਜਾਗਣ, ਉੱਠਣ ਏਸ ਨਗਰ ਦੇ,
ਵਿਚ ਚੁਰਸਤੇ ਖੜ ਕੇ ਆਪਾਂ ਢੋਲ ਵਜਾਉਂਦਿਆਂ ਰਹਿਣਾ।

ਕੁਝ ਨੂੰ ਹੜ੍ਹ ਨੇ ਮਾਰ ਲਿਆ ਤੇ ਕੁਝ ਔੜਾਂ ਨੇ ਖਾਧੀ,
ਇੱਕੋ ਕੰਮ ਹੁਣ ਰਹਿ ਗਿਆ, ਬਹਿ ਕੇ, ਚੱਕੀ ਰਹੁਉਂਦਿਆਂ ਰਹਿਣਾ।

ਰੋਜ਼ ਇਕ ਰਾਤ ਉਹਦੇ ਚਿਹਰੇ ਤੋਂ, ਨਾਲ ਲਹੂ ਦੇ ਧੋਣੀ,
ਨਿੱਤ ਇੱਕ ਸੂਰਜ ਉਹਦੀਆਂ ਅੱਖਾਂ ਵਿਚ ਚੜ੍ਹਾਉਂਦਿਆਂ ਰਹਿਣਾ।

ਦਿਲ ਦੀ ਗੱਲ ਤੇ ਇਕੋ ਵਾਰੀ, ਮੁਸ਼ਕਿਲ ਦੱਸੀ ਜਾਂਦੀ,
ਇਹ ਕਿੱਸਾ ਨਹੀਂ ਜਿਹੜਾ ਤੈਨੂੰ ਰੋਜ਼ ਸੁਣਾਉਂਦਿਆਂ ਰਹਿਣਾ।

ਝੱਖੜ, ਮੀਂਹ, ਹਨ੍ਹੇਰੀ, ਗਰਮੀ, ਸਰਦੀ, ਔਖੀ ਭਾਰੀ,
ਮੈਂ ਪੈਂਡੇ ਤੋਂ ਸਿੱਖਿਆ ਏ ਹਰ ਹਾਲ 'ਚ ਗਾਉਂਦਿਆਂ ਰਹਿਣਾ।

ਸਾਡੇ ਲਈ ਤੇ ਜੀਵਨ ਕਿਸੇ ਜਨਾਜ਼ੇ ਪਿੱਛੇ ਤੁਰਨਾ,
ਉਹਦੇ ਲਈ ਹਯਾਤੀ ਸੁਰਮਾ, ਪਾ ਮਟਕਾਉਂਦਿਆਂ ਰਹਿਣਾ।

ਮਿਲਣਾ ਈ ਤੇ ਬਾਹਰ ਬਰੂਹਾਂ, ਨਿਕਲ ਕੇ ਹੋਏ ਖਲੋਤਾ,
ਮੈਂ ਨਹੀਂ ਵਾਂਗ ਸਵਾਲੀ ਤੇਰਾ ਦਰ ਖੜਕਾਉਂਦਿਆਂ ਰਹਿਣਾ।

ਕੈਸਾ ਵਣਜ ਏ ਦੇ ਕੇ ਇੱਕ ਪੜੋਪੀ ਦਰਦ ਹੁਲਾਰਾ,
ਵੱਟੇ ਦੇ ਵਿਚ ਇਕ ਧੜੋਪਾ ਰੋਜ਼ ਉਗਰਾਉਂਦਿਆਂ ਰਹਿਣਾ।

'ਅਫ਼ਜ਼ਲ ਅਹਿਸਨ' ਰਹਿਣਾ ਨਿੱਤ ਕਰਜ਼ਾਈ ਉਹਦੇ ਇਸ਼ਕ 'ਚ
ਉਹਦੀ ਵਹੀ ਦੇ ਖਾਤੇ 'ਚ ਨਾਵਾਂ ਨਿੱਤ ਲਿਖਵਾਉਂਦੇ ਰਹਿਣਾ।

(ਛੇਵਾਂ ਦਰਿਆ ਵਿਚੋਂ)



## 3. ਗ਼ਜ਼ਲ / ਅਫ਼ਜ਼ਲ ਅਹਿਸਨ ਰੰਧਾਵਾ
### (ਮਾਂ ਦੇ ਨਾਂ)

ਇਹਦੇ ਲਈ ਹੁਣ ਕੀਹਨੇ ਆਪਣੀਆਂ ਉਮਰਾਂ ਗਾਲਣ ਆਉਣਾ।
ਇਸ ਜਾਤਕ ਨੂੰ ਇਹਦੀ ਮਾਂ ਨੇ ਹੁਣ ਨਹੀਂ ਪਾਲਣ ਆਉਣਾ।

ਹੁਣ ਨੌਹਾਂ ਕਿੰਝ ਚਾਹੁਣ ਇਹਦੀਆਂ ਵੰਡੀਆਂ ਪਾਣ ਉਜਾੜਨ,
ਅੰਮਾ ਨੇ ਨਹੀਂ ਕਬਰਾਂ ਵਿਚੋਂ ਘਰ ਸੰਭਾਲਣ ਆਉਣਾ।

ਹੁਣ ਕਿਸ ਅੱਧੀ ਰਾਤੀਂ ਰੋਟੀ ਲੈ ਲੈ ਪਿੱਛੇ ਫਿਰਨਾ,
ਹੁਣ ਕਿਸ ਸਾਝਰੇ ਦੁੱਧ ਦਾ ਗੜਵਾ ਆਪ ਪਿਆਲਣ ਆਉਣਾ।

ਉੱਠ ਕਿਆਰੇ ਵਿਚੋਂ, ਸ਼ਲਗਮ, ਮੂਲੀ ਪੁੱਟ ਕੇ ਖਾ ਲੈ,
ਬੱਚਿਆ! ਹੁਣ ਨਹੀਂ ਅੰਦਰੋਂ ਪੱਕਿਆ ਤਾਜ਼ਾ ਸਾਲਣ ਆਉਣਾ।

ਹੁਣ ਉਹ ਚਿਹਰਾ ਖ਼ਾਬਾਂ ਵਿਚ ਵੀ ਲੱਭੇ ਜਾਂ ਨਾ ਲੱਭੇ
ਹੁਣ ਕਿਸ ਸਉਂਦਿਆਂ ਉੱਠਦਿਆਂ ਰੱਬ ਦਾ ਰੂਪ ਵਿਖਾਲਣ ਆਉਣਾ।

ਹੁਣ ਕਿਸ ਪੜ੍ਹ ਪੜ੍ਹ ਪਾਕ ਕਲਾਮਾਂ ਫੂਕਾਂ ਮਾਰਦੇ ਫਿਰਨਾ,
ਹੁਣ ਕਿਸ ਅੰਦਰੋਂ ਬੱਦ-ਬਲਾਵਾਂ ਪਕੜ ਨਿਕਾਲਣ ਆਉਣਾ।

ਕਿਸੇ ਨਹੀਂ ਆਉਣਾ ਪੋਲੇ ਪੈਰੀਂ ਸੁੱਤੇ ਦਾ ਮੂੰਹ ਚੁੰਮਣ,
ਕਿਸੇ ਹਨ੍ਹੇਰੇ ਕਮਰੇ ਵਿਚ ਨਹੀਂ, ਦੀਵਾ ਬਾਲਣ ਆਉਣਾ।

ਹੁਣ ਕਿਸ ਮੱਤ ਹਦਾਇਤ ਦੇਣੀ, ਇਸ ਮੂਰਖ ਦੇ ਤਾਈਂ,
ਇਸ ਅਣਖੜਤੇ ਲੋਹੇ ਨੂੰ ਹੁਣ ਕੀਹਨੇ ਢਾਲਣ ਆਉਣਾ।

ਤਰਸ ਰਿਹਾ ਉਹ ਮਿੱਠੜੀ ਮੱਧਮ 'ਵਾਜ ਨੂੰ ਸੁਣਨ ਨੂੰ ਕਦ ਦਾ,
ਉਹਦੀ ਮਹਿਕ ਨੇ ਮਰਦੀ ਰੂਹ ਨੂੰ ਕਦੋਂ ਜਿਵਾਲਣ ਆਉਣਾ।

ਹੁਣ ਕਜ਼ਾ ਜਦ ਚਾਹਵੇ ਪਕੜ ਕੇ ਬਾਂਹ ਲੈ ਜਾਵੇ ਨਾਲ,
ਹੁਣ ਦੁਆਵਾਂ ਕਿਸ ਦੀਆਂ ਸਿਰ ਤੋਂ ਹੋਣੀ ਟਾਲਣ ਆਉਣਾ।

ਮਾਲਕੀ ਵੀ ਓਨੀ ਏਂ, ਫਸਲ ਵੀ ਓਨੀ ਹੁੰਦੀ ਏ,
ਹੁਣ ਪਿੰਡੋਂ ਨਹੀਂ ਆਟਾ, ਦਾਣਾ, ਘਿਉ ਤੇ ਬਾਲਣ ਆਉਣਾ।

ਸੱਠ ਵਰ੍ਹਿਆਂ ਦਾ ਇਹ ਉਨੀਂਦੇ ਮਰਿਆ ਡਰਿਆ ਬਾਲ,
ਅੰਮਾਂ! ਇਹਨੂੰ ਸੀਨੇ ਲਾ ਕੇ ਕਦੋਂ ਸਵਾਲਣ ਆਉਣਾ।

'ਅਫ਼ਜ਼ਲ ਅਹਿਸਨ' ਗ਼ਜ਼ਲ ਛੁਟੇਰੀ, ਮਾਂ ਏ ਬਹੁਤ ਵਡੇਰੀ,
ਤੇਰੇ ਸ਼ਿਅਰਾਂ ਵਿਚ ਨਹੀਂ ਉਹਦਾ ਪੈਰ ਵੀ ਲਾਲਣ ਆਉਣਾ।

(ਨਜ਼ਮ)

## ਮੈਂ ਲੱਧੀ ਆਂ/ ਸਲੀਮ ਜਹਾਂਗੀਰ

ਲਾਮ ਲੱਗੀ ਤਾਂ
ਸਾਹ ਦੇ ਆਵਣ ਜਾਵਣ ਦੇ ਨਾਲ
ਤੇਰੀਆਂ ਖ਼ੈਰਾਂ ਮੰਗੀਆਂ
ਲਾਮ ਲੱਗੀ ਤਾਂ
ਉਠਦਿਆਂ ਬਹਿੰਦਿਆਂ
ਸੌ ਸੌ ਵਾਰੀ
ਤੈਨੂੰ ਬਖ਼ਸ਼ੀਆਂ ਬੱਤੀ ਧਾਰਾਂ
ਲਾਮ ਲੱਗੀ ਤਾਂ
ਤੇਰੇ ਖੈਰੀਂ ਪਰਤ ਆਵਣ ਦੀ ਆਸ ਦੇ
ਰਾਤੀਂ ਉੱਠ ਉੱਠ ਦੀਵੇ ਬਾਲੇ
ਲਾਮ ਲੱਗੀ ਤਾਂ
ਕੰਧਾਂ ਅੰਦਰ ਕੰਨ ਦੇ ਦੇ ਕੇ
ਤੇਰੀਆਂ ਬਿੜਕਾਂ ਲਈਆਂ।

ਪਰ ਮੈਂ ਔਗੁਣ, ਮੈਂ ਤੱਤੀ ਦੇ
ਇਹ ਗੱਲ ਚਿੱਤ ਨਾ ਚੇਤੇ
ਪੁੱਤਰ ਸ਼ਰੀਕਾਂ ਦੀ ਆਖਤ ਤੇ
ਮਾਂ ਦੀਆਂ ਧਾਰਾਂ ਗੰਦੀਆਂ ਕਰਸੀ
ਜਿਹੜੀ ਹਿੱਕ ਤੇ
ਨਿੱਕੀ ਉਮਰੇ ਲੋਰੀਆਂ ਲਈਆਂ
ਓਸੇ ਅੰਦਰ, ਆਪਣੇ ਹੱਥੀਂ
ਗੋਲੀਆਂ ਮਾਰ ਕੇ ਧੂੰਆਂ ਭਰਸੀ

ਵੇ ਕੜਮਿਆਂ ਪੁੱਤਰਾ!
ਮੈਂ ਪੁੱਛਨੀ ਆਂ
ਮੱਤ ਅੱਜ ਤੇਰੀ
ਝਉਂ ਕਿਉਂ ਗਈ ਏ
ਗ਼ੈਰਤ ਤੇਰੀ ਸੌਂ ਕਿਉਂ ਗਈ ਏ?
ਪਰ ਹੋਣੀ ਜਦ ਵਰਤ ਗਈ ਏ
ਮੁੜ ਮੇਰਾ ਇਹ ਵਿਧਕਰਾ
ਕਿਸ ਕਾਰੇ, ਕਿਸ ਲੇਖੇ
ਸਾਡੇ ਅੰਦਰ ਇੱਕ ਉਚੇਰੀ
ਵੱਟ ਵੱਜ ਗਈ ਏ।

ਵੀਰ ਵੇ
ਮੈਂ ਲੱਧੀ ਆਂ
ਨਾਲ ਸ਼ਰੀਕਾਂ
ਨਾਲ ਵੈਰੀਆਂ
ਨਵੀਂ ਲਾਮ ਦਾ ਹੋਕਾ ਮੇਰਾ
ਮੈਂ ਲੱਧੀ ਆਂ
ਸਾਂਦਲ ਦੇ ਵੰਝਲ ਦੀ ਪੱਗ ਨੂੰ
ਕਦੇ ਮੈਂ ਢਹਿਣ ਨਾ ਦੇਸਾਂ।

ਮੈਂ ਲੱਧੀ ਆਂ
ਅੱਜ ਵੀ ਮੇਰੇ ਦੋਹੀਂ ਪਾਸੇ
ਸੌ ਪੁੱਤਰਾਂ ਦੇ ਸ਼ੂਕਾਂ ਮਾਰਦੇ ਢਾਣੇ
ਮੈਂ ਲੱਧੀ ਆਂ
ਜਿਸ ਨੇ ਕਦੇ ਵੀ ਦੁੱਲੇ, ਜਬਰੂ,
ਮਿਰਜ਼ੇ ਜੱਟ ਤੋਂ
ਘੱਟ ਕਦੇ ਨਹੀਂ ਜੰਮਿਆ
ਮੈਂ ਲੱਧੀ ਆਂ
ਜਿਸ ਨੇ ਸਦਾ ਹੀ
ਸੂਰਮੇਂ ਪੁੱਤਰ ਲਾੜਿਆਂ ਵਾਂਗੂ
ਬਣਾ ਸ਼ਿੰਗਾਰ ਕੇ ਹੱਥੀਂ ਜੰਗ ਨੂੰ ਟੋਰੇ
ਮੈਂ ਲੱਧੀ ਆਂ
ਜਿਸ ਦੇ ਪੁੱਤਰਾਂ,
ਸੂਲੀਆਂ ਉੱਤੇ ਪੀਂਘਾਂ ਝੂਟੀਆਂ
ਤੇ ਆਪ ਮੈਂ ਤਾੜੀ ਮਾਰੀ
ਮੈਂ ਲੱਧੀ ਆ
ਨਾਲ ਜ਼ਾਲਮਾਂ ਨਵੀਂ ਲਾਮ ਦਾ ਹੋਕਾ ਮੇਰਾ
(**"ਅੱਜ ਦੀ ਵਾਰ" ਵਿਚੋਂ**)

## ਗ਼ਜ਼ਲ/ ਮੀਆਂ ਸਲੀਮ ਜਹਾਂਗੀਰ

ਅਜੇ ਨਾ ਮਾਰੀਂ ਫੂਕ ਦੀਵੇ ਨੂੰ ਅਜੇ ਨਾ ਬੂਹੇ ਢੋਅ।
ਉਡੀਕ ਦੀਆਂ ਪੀੜਾਂ ਦੀ ਰੁੱਤੇ ਰੁੱਖਾਂ ਵਾਂਗ ਖਲੋ।

ਥਾਂ-ਥਾਂ ਭਾਵੇਂ ਕਾਲਾ ਫ਼ਨੀਅਰ ਰਾਤਾਂ ਪਾਉਂਦਾ ਫਿਰਦਾ ਏ।
ਫਜ਼ਰਾਂ ਤੀਕ ਤੇ ਜਾਣ ਨਹੀਂ ਲੱਗਾ ਤਾਰਿਆਂ ਵਿਚਲੀ ਲੋਅ।

ਮੈਂ ਹਾਂ ਜਿਸ ਦੀ ਕੰਡ ਤੇ ਉੱਸਰੇ ਸਾਰੇ ਤਾਜ ਮਹੱਲ,
ਮੇਰਾ ਮੁੜ੍ਹਕਾ ਪੀ ਕੇ ਮਿੱਟੀ ਜੰਮਦੀ ਰਹੀ ਖ਼ੁਸ਼ਬੋ।

ਹਿਸਾਬ ਕਿਤਾਬ ਦੇ ਵਰਕਿਆਂ ਉੱਤੇ ਓੜਕ ਲਿਖਣਾ ਪੈਣਾ ਏ
ਬੰਦੇ ਦੇ ਸਾਹਵਾਂ ਤੋਂ ਵੱਧ ਕੇ ਬੰਦੇ ਨਾਲ ਧਰੋਹ।



## ਅਜੇ ਕਿਆਮਤ ਨਹੀਂ ਆਈ/ ਮੰਨੂ ਭਾਈ

ਵਾਲ ਵਧਾ ਲਏ ਰਾਂਝੇ ਨੇ ਤੇ ਟਿੰਡ ਕਰਾ ਲਈ ਹੀਰਾਂ ਨੇ।
ਮਿਰਜ਼ੇ ਖਾਂ ਨਾਲ ਧੋਖਾ ਕੀਤਾ, ਉਹਦੇ ਆਪਣੇ ਤੀਰਾਂ ਨੇ।
ਮੀਟਰ ਲਾ ਕੇ ਖ਼ੂਬ ਚਲਾਈ ਸਾਹਿਬਾਂ ਉਹ ਦਿਆਂ ਵੀਰਾਂ ਨੇ।
ਪਰ ਅਜੇ ਕਿਆਮਤ ਨਹੀਂ ਆਈ।

ਸੁੱਖ ਸਰਾਣੇ ਬਾਂਹ ਗੋਰੀ, ਦੁੱਖ ਸੂਟੇ ਚਰਸੀ ਚਿਲਮਾਂ ਦੇ,
ਬੱਚੇ ਟੈਸਟ ਟਿਊਬਾਂ ਦੇ, ਲਵੇਟਰ ਫ਼ਿਕਰੇ ਫ਼ਿਲਮਾਂ ਦੇ।
ਮੱਤ ਮਾਰੀ ਗਈ ਸਿਆਣਪ ਦੀ , ਭੱਠੇ ਬਹਿ ਗਏ ਇਲਮਾਂ ਦੇ,
ਪਰ ਅਜੇ ਕਿਆਮਤ ਨਹੀਂ ਆਈ।

ਤਾਰੀਖ਼ ਤਮਾਸ਼ਾ ਭੁੱਖਾਂ ਦਾ, ਤਹਿਜ਼ੀਬ ਖਿਡੌਣਾ ਰੱਜਾਂ ਦਾ,
ਤਸਦੀਕ ਜੁਗਾਲੀ ਲਫ਼ਜ਼ਾਂ ਦੀ, ਤਸ਼ਰੀਹ ਸਿਆਪਾ ਲੱਜਾਂ ਦਾ।
ਮੌਸੀਕੀ ਰਾਤਬ ਕੁੱਤਿਆਂ ਦਾ, ਤੇ ਅਦਬ ਗੁਤਾਵਾ ਮੱਝਾਂ ਦਾ,
ਪਰ ਅਜੇ ਕਿਆਮਤ ਨਹੀਂ ਆਈ।

ਧੀਆਂ ਤੱਕ ਬਸ਼ੀਰਾਂ ਦੇ ਘਰ, ਪੁੱਤਰ ਚਾਰ ਕਮਾਲੇ ਦੇ,
ਪੋਹੜੀਆਂ ਦੇ ਵਿਚ ਕਿੱਸਾ ਮੁੱਕਾ, ਲੋਥ ਗਈ ਵਿਚ ਨਾਲੇ ਦੇ।
ਲੋਕੀਂ ਬੈਠੇ ਰਿਸ਼ਤੇ ਜੋੜਣ ਪਿੱਪਲ ਤੇ ਪਰਨਾਲੇ ਦੇ,
ਪਰ ਅਜੇ ਕਿਆਮਤ ਨਹੀਂ ਆਈ।

ਰੋਗ ਹਜ਼ਾਰਾਂ ਇੱਕੋ ਨੁਸਖਾ, ਇੱਕੋ ਰਾਹ ਗੁਜ਼ਾਰੇ ਦੀ,
ਮੱਖਣ ਤਾਂਦਲੇ ਵਾਲਿਆਂ ਦਾ ਤੇ ਮਾਘੀ ਜ਼ਿਲ੍ਹਾ ਹਜ਼ਾਰੇ ਦੀ।
ਤੀਰਾਂ ਅੱਗੇ ਸੀਨਾ ਤਾਣੇ, ਜੁਅਰਤ ਝੂਠ ਗੁਬਾਰੇ ਦੀ,
ਪਰ ਅਜੇ ਕਿਆਮਤ ਨਹੀਂ ਆਈ।

ਬਾਂਦਰ ਬੈਠੇ, ਜੂੰਆਂ ਕੱਢਣ, ਇੱਕ ਦੂਜੇ ਦਿਆਂ ਵਾਲਾਂ 'ਚੋਂ',
ਦੁੱਧ ਪਿਆਂਦੀ ਕੁੜੀ ਨੂੰ ਵੇਖਣ, ਅੰਮ੍ਰਿਤ ਟਪਕੇ ਰਾਲਾਂ 'ਚੋਂ'।
ਬੜੇ ਸਿਆਸੀ ਨੁਕਤੇ ਲੱਭਣ, ਮਾਂ ਭੈਣ ਦੀਆਂ ਗਾਲਾਂ 'ਚੋਂ',
ਪਰ ਅਜੇ ਕਿਆਮਤ ਨਹੀਂ ਆਈ।

ਧੱਕ-ਮਕੌੜੇ ਪੜ੍ਹਨ ਨਿਮਾਜ਼ਾਂ, ਦਾਹਵੇ ਕਰਨ ਖ਼ੁਦਾਈਆਂ ਦੇ,
ਬੰਦ ਕਰਨ ਸ਼ਰਾਬਾਂ ਨਾਲ ਪਰਮਿਟ ਲੈਣ ਇਸਾਈਆਂ ਦੇ।
ਵਾਹਦੇ ਪੈਂਦੇ ਆਪੀਂ ਕਰਦੇ ਨਾਂ ਬਦਨਾਮ ਈਸਾਈਆਂ ਦੇ,
ਪਰ ਅਜੇ ਕਿਆਮਤ ਨਹੀਂ ਆਈ।

ਪਾਰਾ ਥਰਮਾਮੀਟਰ ਦਾ, ਸਿਆਸਤ ਚੌਧਰੀ ਤਾਲਬ ਦੀ,
ਹੀਰਾ ਮੰਡੀ ਸ਼ਾਹਨੇ ਦੀ ਤੇ ਦਿੱਲੀ ਮਿਰਜ਼ਾ ਗ਼ਾਲਿਬ ਦੀ।
ਚਾਦਰ ਜਨਰਲ ਰਾਣੀ ਦੀ ਤੇ ਚਾਰ ਦੀਵ੍ਹਾਰੀ ਜਾਲਿਬ ਦੀ,
ਪਰ ਅਜੇ ਕਿਆਮਤ ਨਹੀਂ ਆਈ।

ਜ਼ੇਰਾ ਦੀ ਪੱਟੀ ਦੇ ਮਤਲਬ ਨਿਕਲਣ ਲੱਗ ਪਏ ਜਬਰਾਂ ’ਚੋਂ,
ਐਨਕ ਪਾ ਕੇ ਅੰਨ੍ਹੇ ਲੱਭਣ, ਹੱਕ ਹਕੀਕਤ ਖ਼ਬਰਾਂ ’ਚੋਂ।
ਟੀ. ਵੀ. ਦੀਆਂ ਕਵਾਲੀਆਂ ਸੁਣ ਕੇ, ਮੁਰਦੇ ਜਾਗੇ ਕਬਰਾਂ ’ਚੋਂ,
ਪਰ ਅਜੇ ਕਿਆਮਤ ਨਹੀਂ ਆਈ।

ਰੋਜ਼ਗਾਰ ਦੀ ਸੂਲੀ ਟੰਗੇ, ਜਿਵੇਂ ਕਰੇਲੇ ਵੇਲਾਂ ਦੇ,
ਲੋਕੀਂ ਬੱਕਰੇ, ਲੀਡਰ ਲੋਭੀ, ਕੁਰਬਾਨੀ ਦੀਆਂ ਖੱਲਾਂ ਦੇ
ਫੁੱਲ ਖਿੜੇ ਕਬਰਾਂ ਦੇ ਅਤੇ ਸੁਹਣੀਆਂ ਸੁਹਣੀਆਂ ਗੱਲਾਂ ਦੇ,
ਪਰ ਅਜੇ ਕਿਆਮਤ ਨਹੀਂ ਆਈ।

ਹਰਫ਼ ਸ਼ਿਕਾਇਤ, ਹੋਠ ਤਰੋਪੇ, ਕਾਫ਼ੀਏ ਤੰਗ ਰਦੀਫ਼ਾਂ ਦੇ,
ਸੰਘੀ ਨੌਂਹ ਗਰੀਬਾਂ ਦੀ, ਹੱਥ ਕੱਟੇ ਗਏ ਸ਼ਰੀਫ਼ਾਂ ਦੇ।
ਲੂਲੇ ਲੰਗੜੇ ਪਾਰ ਉਤਾਰਨ, ਪੁਲ-ਸਰਾਤ ਤਾਰੀਫ਼ਾਂ ਦੇ,
ਪਰ ਅਜੇ ਕਿਆਮਤ ਨਹੀਂ ਆਈ।

ਚਿੱਟੇ ਵਰਕੇ ਦੇਣ ਸ਼ਹਾਦਤ, ਕਾਲੀ ਸ਼ਾਹ ਜ਼ਹਾਲਤ ਦੀ,
ਸੱਚਲ ਵਾਅਦਾ ਮੁਆਫ਼ੇ ਗਵਾਹੀ, ਨਹੀਂ ਰਹੀ ਲੋੜ ਵਕਾਲਤ ਦੀ।
ਗੁੱਸੇ ਦੇ ਨਾਲ ਥਰ ਥਰ ਕੰਬੇ, ਕੁਰਸੀ ਅਰਸ਼ ਅਦਾਲਤ ਦੀ,
ਪਰ ਅਜੇ ਕਿਆਮਤ ਨਹੀਂ ਆਈ।

ਵੈਰੀ ਉੱਚਿਆਂ ਮਹਿਲਾਂ ਦੇ ਪਏ ਮੰਗਣ ਰਾਹ ਫ਼ਸੀਲਾਂ ਤੋਂ,
ਮੰਗਣ ਰਹਿਮ ਕਸਾਈਆਂ ਕੋਲੋਂ, ਤੇ ਖ਼ੈਰਾਤ ਬਖੀਲਾਂ ਤੋਂ।
ਖ਼ਾਬਾਂ ਦੇ ਵਿਚ ਬੜ੍ਹਕਾਂ ਮਾਰਨ, ਮੌਤ ਡਰਾਵੇ ਮੀਲਾਂ ਤੋਂ,
ਪਰ ਅਜੇ ਕਿਆਮਤ ਨਹੀਂ ਆਈ।

ਇੱਜ਼ਤ ਗਈ ਉਸਤਾਦਾਂ ਦੀ ਤੇ ਬਸਤਾ ਗੈਬ ਪੜ੍ਹਾਕੂ ਦਾ,
ਸੇਰ ਘਿਓ ਦੇ ਮੁੱਲ ਵਿਚ ਲੱਭੇ, ਹੁਣ ਇੱਕ ਪਾਨ ਤਮਾਕੂ ਦਾ।
’ਨੇਰੇ ਦੇ ਵਿਚ ਪਤਾ ਨਹੀਂ ਲੱਗਦਾ ਥਾਣੇਦਾਰ ਤੇ ਡਾਕੂ ਦਾ,
ਪਰ ਅਜੇ ਕਿਆਮਤ ਨਹੀਂ ਆਈ।

ਨਕਲੀ ਦੰਦਾਂ ਵਾਲੇ ਬੁੱਢੇ, ਪੁੱਛਣ ਭਾਅ ਅਖਰੋਟਾਂ ਦੇ,
ਸਭ ਤੋਂ ਬਹੁਤੀਆਂ ਪੜ੍ਹਨ ਕਿਤਾਬਾਂ, ਬੋਝੇ ਓਵਰ ਕੋਟਾਂ ਦੇ।
ਲੈਂਦੇ ਫਿਰਨ ਮੁਬਾਰਕਬਾਦਾਂ ਖਾਲੀ ਡੱਬੇ ਵੋਟਾਂ ਦੇ,
ਪਰ ਅਜੇ ਕਿਆਮਤ ਨਹੀਂ ਆਈ।

ਜੁੰਮੇ ਬਜ਼ਾਰ ਸਿਆਸਤ ਵਿਕਦੀ, ਵੱਧ ਗਈ ਕੀਮਤ ਗੱਡੂਆਂ ਦੀ,
ਮੀਏਂ ਸ਼ਰੀਫ਼ ਦੇ ਪੁੱਤਰਾਂ ਨੇ ਵੀ, ਰੇੜੀ ਲਾ ਲਈ ਲੱਡੂਆਂ ਦੀ।
ਭੁੱਟੋ ਦੀ ਧੀ ਤੋਲਣ ਬੈਠੀ, ਭਰ ਤਰੱਕੜੀ ਡੱਡੂਆਂ ਦੀ,
ਪਰ ਅਜੇ ਕਿਆਮਤ ਨਹੀਂ ਆਈ।

ਐਨੀ ਹੋਏ ਮਨਸੂਬਾ ਬੰਦੀ, ਨੌਬਤ ਆ ਗਈ ਫਾਕੇ ਦੀ,
ਹਰ ਇੱਕ ਚੀਜ਼ ਖਲੋਤੀ ਲੱਗੇ, ਸਾਨੂੰ ਏਸ ਇਲਾਕੇ ਦੀ।
ਧੋਖਾ ਚੱਲਦਾ ਏ ਯਾ ਫਿਰ ਚੱਲਦੀ ਮਰਜ਼ੀ ਬਾਬੇ ਸਾਕੇ ਦੀ,
ਪਰ ਅਜੇ ਕਿਆਮਤ ਨਹੀਂ ਆਈ।



## ਜਸ਼ਨੇ - ਪਾਕਿਸਤਾਨ / ਬਾਬਾ ਨਜ਼ਮੀਂ

ਉੱਠ ਗਰੀਬਾ ਭੰਗੜਾ ਪਾ,
ਭੁੱਖਾ ਆਪਣਾ ਢਿੱਡ ਵਜਾ,
ਜਸ਼ਨੇ ਪਾਕਿਸਤਾਨ ਮਨਾ।

ਝੰਡਾ ਇਹਦਾ ਚੁੱਕ ਕੇ ਰੱਖ,
ਆਪਣੀ ਨੀਵੀਂ ਪਾ ਕੇ ਰੱਖ।
ਸਾਡੇ ’ਕੱਠੇ ਕਰ ਕੇ ਕੱਖ
ਆਪਣਾ ਠੰਢਾ ਚੁੱਲ੍ਹਾ ਤਾ।
ਸਾਡੇ ਗੁਣ ਵੀ ਗਾਉਂਦਾ ਜਾ,
ਉੱਠ ਗਰੀਬਾ ਭੰਗੜਾ ਪਾ।
ਭੁੱਖਾ ਆਪਣਾ ਢਿੱਡ ਵਜਾ।

ਵਿਚ ਅਮਰੀਕਾ ਸਾਡਾ ਨਾਂ,
ਸਾਡੇ ਸਿਰ ’ਤੇ ਉਹਦੀ ਛਾਂ।
ਕੱਟਾ ਕੋਹੀਏ, ਭਾਵੇਂ ਗਾਂ,
ਇਹ ਲੈ ਝੰਡੀ ਨੱਠਾ ਜਾ।
ਆਪਣੇ ਬਾਲਾਂ ਨੂੰ ਪਰਚਾ,
ਉੱਠ ਗਰੀਬਾ ਭੰਗੜਾ ਪਾ।
ਭੁੱਖਾ ਆਪਣਾ ਢਿੱਡ ਵਜਾ।
ਜਸ਼ਨੇ ਪਾਕਿਸਤਾਨ ਮਨਾ।

ਸਾਡੇ ਹੱਥਾਂ ਵੱਲੇ ਵੇਖ,
ਸਾਡੇ ਪੱਲੇ ਤੇਰੇ ਲੇਖ।
ਸ਼ਾਮ ਸਵੇਰੇ ਸਾਨੂੰ ਵੇਖ,
ਜਿੰਨਾ ਦੇਈਏ ਓਨਾ ਖਾ।
ਇਸ ਧਰਤੀ ਦੇ ਅਸੀਂ ਖ਼ੁਦਾ
ਉੱਠ ਗਰੀਬਾ ਭੰਗੜਾ ਪਾ।
ਭੁੱਖਾ ਆਪਣਾ ਢਿੱਡ ਵਜਾ।
ਜਸ਼ਨੇ ਪਾਕਿਸਤਾਨ ਮਨਾ।

ਪੂਰਾ ਪਾਕਿਸਤਾਨ ਅਸੀਂ,
ਤਾਹੀਓਂ ਤੇ ਪ੍ਰਧਾਨ ਅਸੀਂ।
ਧਰਤ ਵੀ, ਅਸਮਾਨ ਅਸੀਂ,
ਸਾਡੇ ਪੈਰਾਂ ਥੱਲੇ ‘ਲਾ’।
ਸਾਡੇ ਬਹਿ ਕੇ ਪੈਰ ਦਬਾ,
ਉੱਠ ਗਰੀਬਾ ਭੰਗੜਾ ਪਾ,
ਭੁੱਖਾ ਆਪਣਾ ਢਿੱਡ ਵਜਾ,
ਜਸ਼ਨੇ ਪਾਕਿਸਤਾਨ ਮਨਾ।

ਢਿੱਡੋਂ ਭਾਵੇਂ ਭੁੱਖਾ ਰਹੋ,
‘ਜੀਵੇ ਜੀਵੇ’ ਧਰਤੀ ਕਹੋ
ਧੁੱਪੇ ਭਾਵੇਂ ਛਾਵੇਂ ਬਹੋ,
ਸੱਧਰਾਂ ਉੱਤੇ ਮਿੱਟੀ ਪਾ।
ਸਾਡੇ ਅੱਗੇ ਧੌਣ ਝੁਕਾ,
ਉੱਠ ਗਰੀਬਾ ਭੰਗੜਾ ਪਾ,
ਭੁੱਖਾ ਆਪਣਾ ਢਿੱਡ ਵਜਾ,
ਜਸ਼ਨੇ ਪਾਕਿਸਤਾਨ ਮਨਾ।

ਤੈਨੂੰ ਧਰਤੀ ਸੁਹਣੀ ਲੱਗੇ,
ਸ਼ਾਵਾ ਸ਼ਾਵਾ ਅੰਨੇ ਢੱਗੇ,
ਤਾਹੀਓਂ ਤੈਨੂੰ ਕਰਦੇ ਅੱਗੇ,
ਡਾਂਗਾਂ ਸੋਟੇ ਗੋਲੀ ਖਾ।
ਵਿਚ ਸ਼ਰੀਕਾਂ ਨਾਂ ਚਮਕਾ,
ਉੱਠ ਗਰੀਬਾ ਭੰਗੜਾ ਪਾ,
ਭੁੱਖਾ ਆਪਣਾ ਢਿੱਡ ਵਜਾ,
ਜਸ਼ਨੇ ਪਾਕਿਸਤਾਨ ਮਨਾ।

ਵਿਚ ਹਵਾਵਾਂ ਫਿਰਦੀ ’ਵਾਜ
ਆਵਣ ਵਾਲਾ ਸਾਡਾ ਰਾਜ।
ਅੱਵਲ ਆਖ਼ਰ ਇਹਦੀ ਲਾਜ,
ਮੰਜ਼ਲ ਵੱਲੇ ਪੈਰ ਵਧਾ।
’ਨੇਰੇ ਕੋਲੋਂ ਨਾ ਘਬਰਾ
ਉੱਠ ਗਰੀਬਾ ਭੰਗੜਾ ਪਾ,
ਭੁੱਖਾ ਆਪਣਾ ਢਿੱਡ ਵਜਾ,
ਜਸ਼ਨੇ ਪਾਕਿਸਤਾਨ ਮਨਾ।

ਕੱਸ ਲੰਗੋਟਾ ਫੜ ਕੇ ਡਾਂਗ,
ਦੇਂਦਾ ਕਿਉਂ ਨਹੀਂ ਉੱਚੀ ਬਾਂਗ।
ਤੂੰ ਵੀ ਆਪਣਾ ਜ਼ੋਰ ਵਿਖਾ,
ਨਿੱਕਿਆ ਆਪਣਾ ਕੱਦ ਬਣਾ,
ਉੱਠ ਗਰੀਬਾ ਭੰਗੜਾ ਪਾ,
ਭੁੱਖਾ ਆਪਣਾ ਢਿੱਡ ਵਜਾ,
ਜਸ਼ਨੇ ਪਾਕਿਸਤਾਨ ਮਨਾ।

ਅਮਰੀਕਾ ਦੇ ਯਾਰਾਂ ਕੋਲ
ਧਰਤੀ ਦੇ ਜ਼ਰਦਾਰਾਂ ਕੋਲ।
ਜ਼ਾਲਮ ਤੇ ਮੱਕਾਰਾਂ ਕੋਲ
ਝੂਠੇ ਤੇ ਬਦਕਾਰਾਂ ਕੋਲ
ਤੇਰਾ ਪਾਕਿਸਤਾਨ ਗਿਆ
ਆਪਣਾ ਪਾਕਿਸਤਾਨ ਬਚਾ,
ਉੱਠ ਗਰੀਬਾ ਭੰਗੜਾ ਪਾ,
ਭੁੱਖਾ ਆਪਣਾ ਢਿੱਡ ਵਜਾ,
ਜਸ਼ਨੇ ਪਾਕਿਸਤਾਨ ਮਨਾ।
(23 ਅਪ੍ਰੈਲ 1997)

## ਅੱਧੀ ਔਰਤ ਕਿਉਂ / ਬਾਬਾ ਨਜ਼ਮੀਂ

ਜੰਨਤ ਵਿਚੋਂ 'ਕੱਠੇ ਨਿਕਲੇ
ਇੱਕ ਦੂਜੇ ਦੇ ਵਿਚ ਸਮਾਏ
ਦੁੱਖ ਵੀ ਭਾਵੇਂ
ਸੁੱਖ ਵੀ ਹੋਵੇ
ਇੱਕੋ ਬੁੱਕਲ
ਅਜਲੋਂ ਲੈ ਕੇ ਅਬਦਾਂ ਤੀਕਰ,
ਇੱਕ ਦੂਜੇ ਦੀ ਦੋਵੇਂ ਲੋੜ।
ਜਦ ਤੱਕ ਧਰਤੀ ਤੇ ਅਸਮਾਨ
ਟੁੱਟ ਨਹੀਂ ਸਕਦਾ ਸਾਡਾ ਜੋੜ।

ਸਦੀਆਂ ਹੋਈਆਂ
ਮੇਰੇ ਮੋਢੇ ਨਾਲ ਖਲੋਤੀ
ਚੰਗੇ ਭੈੜੇ ਹਾਲ ਖਲੋਤੀ
ਫਿਰ ਵੀ ਅੱਧੀ ਔਰਤ ਕਿਉਂ?
ਫਿਰ ਵੀ ਅੱਧੀ ਔਰਤ ਕਿਉਂ?

ਗਲੀਆਂ ਵਿੱਚ ਬਜ਼ਾਰਾਂ ਨਾਲ,
ਵਰਦੀਆਂ ਵਿਚ ਤਲਵਾਰਾਂ ਨਾਲ,
ਕੈਦਾਂ ਵਿਚ ਦਰਬਾਰਾਂ ਨਾਲ
ਫਿਰ ਵੀ ਅੱਧੀ ਔਰਤ ਕਿਉਂ?
ਫਿਰ ਵੀ ਅੱਧੀ ਔਰਤ ਕਿਉਂ?

ਵਲੀ ਪੈਗੰਬਰ ਜੰਮਣ ਵਾਲੀ,
ਗੋਰੀ ਭਾਵੇਂ, ਹੋਵੇ ਕਾਲ਼ੀ
ਔਰਤ ਕਿਧਰੇ ਰੱਬ ਦਾ ਰੂਪ
ਔਰਤ ਕਿਧਰੇ ਧੀ ਦਾ ਰੰਗ
ਔਰਤ ਕਿਧਰੇ ਸਿਰ ਦੀ ਪੱਗ
ਇਹਦੇ ਬਾਝੋਂ ਵਿਹੜਾ ਸੁੰਨਾ
ਰਾਝਾਂ, ਕੈਦੋਂ, ਖੇੜਾ ਸੁੰਞਾ,
ਜਿਹੜੇ ਵੇਲ਼ੇ ਮਾਂ ਬਣ ਜਾਂਦੀ
ਜੰਨਤ ਵਰਗੀ ਛਾਂ ਬਣ ਜਾਂਦੀ
ਫਿਰ ਵੀ ਅੱਧੀ ਔਰਤ ਕਿਉਂ?
ਫਿਰ ਵੀ ਅੱਧੀ ਔਰਤ ਕਿਉਂ?

## ਗ਼ਜ਼ਲ / ਬਾਬਾ ਨਜ਼ਮੀਂ

ਸਾਡਾ ਹੱਕ ਨਹੀਂ ਦਿੰਦੇ ਜਿਹੜੇ ਐਸੀ ਤੈਸੀ ਉਹਨਾਂ ਦੀ।
ਹੋਣ ਨਹੀਂ ਦੇਂਦੇ ਖੁੱਲੇ ਵਿਹੜੇ ਐਸੀ ਤੈਸੀ ਉਹਨਾਂ ਦੀ।

ਦਿਲ ਦੀ ਬੋਟੀ ਲੈ ਕੇ ਵੀ ਨਹੀਂ, ਰੱਜੀ ਨੀਯਤ ਜਿਹਨਾਂ ਦੀ,
ਭਾਵੇਂ ਹੱਥੀਂ ਆਪ ਸਹੇੜੇ ਐਸੀ ਤੈਸੀ ਉਹਨਾਂ ਦੀ।

ਵੰਡਣ ਵਾਲੀਆਂ ਲੀਕਾਂ ਖਿੱਚਣ, ਜਿਹੜੇ ਆਦਮ ਜਾਇਆਂ ਨੂੰ,
ਉਹ ਸ਼ੈਤਾਨੀ ਚਰਖੇ ਕਿਹੜੇ ਐਸੀ ਤੈਸੀ ਉਹਨਾਂ ਦੀ।

ਸਾਨੂੰ ਅਮਨ ਦੀ ਗੁੜ੍ਹਤੀ ਦੇ ਕੇ, ਬੰਨਿਆਂ ਸਾਡੇ ਵੱਡਿਆਂ ਨੇ,
ਨਹੀਂ ਤੇ ਜਿਹੜੇ ਕਹਿਣ ਮਰੇੜੇ ਐਸੀ ਤੈਨੂੰ ਉਹਨਾਂ ਦੀ।

ਨਾ ਤੇ ਮੇਰਾ ਵੀ ਏ ਰਾਂਝਾ ਪਰ ਮੈਂ ਵੰਝਲੀ ਵਾਲਾ ਨਈਂ,
ਢੂੱਕਣ ਤੇ ਸਹੀ 'ਬਾਬਾ' ਖੇੜੇ ਐਸੀ ਤੈਸੀ ਉਹਨਾਂ ਦੀ।



## ਇੱਕ ਅਣਜੰਮੇ ਬਾਲ ਦੀ ਪ੍ਰੈੱਸ ਕਾਨਫਰੰਸ / ਅਹਿਮਦ ਸਲੀਮ

ਜੰਮਣ ਤੋਂ ਪਹਿਲਾਂ ਬਾਲਾਂ ਨੇ
ਆਪਣਾ ਮਨਸ਼ੂਰ (ਵਿਧਾਨ) ਜਾਰੀ ਕੀਤਾ
'ਸਾਰੇ ਜੱਗ ਦੇ ਅਣਜੰਮੇ ਬਾਲੋ
ਇੱਕ ਮਿੱਕ ਹੋ ਕੇ, ਬੀ ਮਾਰ ਦਿਓ ਐਟਮ ਦਾ।'
ਮਨਸ਼ੂਰ ਦੇ ਹੇਠਾਂ
ਮਾਂ ਦੀ ਕੁੱਖ ਵਿਚ ਔਖੇ ਸਾਹ ਲੈਂਦੇ
ਇੱਕ ਬਾਲ ਨੇ ਦਸਤਖਤ ਕੀਤੇ
ਤੇ ਛੇਤੀ ਨਾਲ ਬੁਲਾਈ
ਇੱਕ ਪ੍ਰੈੱਸ ਕਾਨਫਰੰਸ ਵਿਚ ਆਖਿਆ,
ਥਾਂ-ਥਾਂ ਜੜ੍ਹ ਫੜਦੇ ਨਿਊਕਲਾਈ ਕੈਕਟੈਸ ਨਾਲ
ਧਰਤੀ ਦੀ ਕੁੱਖ ਔਤਰ ਗਈ ਏ
ਹੁਣ ਹਯਾਤੀ,
ਓਸ ਘੁੱਗੀ ਦੀ ਕੁੱਖ ਵਿਚੋਂ ਪੁੰਗਰੇਗੀ
ਜਿਹਨੂੰ ਰਿਆਸਤੀ ਪੁਲਿਸ
ਐਂਟੀ ਨਿਊਕਲੀਅਰ ਚੂੰ ਚੂੰ ਕਰਨ ਦੇ ਦੋਸ਼ ਵਿਚ
ਫੜ ਕੇ ਲੈ ਗਈ ਏ,

ਪਲ ਕੁ ਲਈ ਬਾਲ ਰੁਕਿਆ
ਤੇ ਫੇਰ ਆਖਣ ਲੱਗਾ,
'ਉਹ ਨਹੀਂ ਜਾਣਦੇ ਕਿ
ਦੁਨੀਆ ਇੱਕ ਵੱਡੀ ਭੰਨਵਾਲੀ
ਵਿਚੋਂ ਲੰਘ ਰਹੀ ਏ।
ਏਸ ਲਈ ਅਸੀਂ ਸਾਰੇ ਬਾਲ
ਆਪਣੀਆਂ ਮਾਵਾਂ ਨੂੰ ਆਖਾਂਗੇ
ਕਿ ਉਹ ਸਾਨੂੰ ਜੰਮਣ ਦਾ ਜੋਖਮ ਨਾ ਜਾਲਣ,
ਸਾਨੂੰ ਆਪਣੀਆਂ ਕੁੱਖਾਂ ਵਿਚ ਕੁਝ ਦਿਹਾੜੇ
ਹੋਰ ਸਾਂਭ ਕੇ ਰੱਖਣ
ਉਦੋਂ ਤਾਈਂ
ਜਦੋਂ ਤਾਈਂ
ਦੁਨੀਆ ਸਾਡੇ ਰਹਿਣ ਦੇ
ਕਾਬਲ ਨਹੀਂ ਬਣ ਜਾਂਦੀ

ਤਕਰੀਰ ਮੁੱਕਣ 'ਤੇ
ਉਹਨੇ ਪੱਤਰਕਾਰਾਂ ਨੂੰ ਆਖਿਆ,
ਤੁਸੀਂ ਜੋ ਸਵਾਲ ਚਾਹੋ ਕਰ ਸਕਦੇ ਹੋ
ਸਾਰੇ ਪੱਤਰਕਾਰ ਸਿਰ ਸੁੱਟੀ ਬੈਠੇ ਰਹੇ
ਇੱਕ ਭਾਰੇ ਜੁੱਸੇ ਦਾ ਪੱਤਰਕਾਰ
ਦਾੜ੍ਹੀ ਖੁਰਕਦਾ ਢਿੱਲਾ ਜਿਹਾ ਉੱਠਿਆ
ਤੇ ਪੁੱਛਣ ਲੱਗਾ ;

ਤੁਹਾਡੇ ਖ਼ਿਆਲ ਵਿਚ ਦੁਨੀਆ ਕਦੋਂ ਤੀਕ
ਬਾਲਾਂ ਦੇ ਰਹਿਣ ਦੇ ਕਾਬਲ ਬਣ ਜਾਵੇਗੀ?
ਸੁਣ ਕੇ ਬਾਲ ਦੇ ਬੁੱਲ ਕੰਬੇ
ਜੇ ਇਹਨਾਂ ਇੱਕੀਵੀਂ ਸਦੀ ਦਾ
ਮੂੰਹ ਨਾ ਵੇਖਿਆ
ਤਾਂ ਕਿਸੇ ਅਗਲੇ ਜੁਗ ਵਿਚ
ਜਾਂ ਫੇਰ ਸ਼ਾਇਦ ਕਦੀ ਵੀਂ ਨਹੀਂ
ਪੱਤਰਕਾਰ ਅੱਗੋਂ ਕੁਝ ਨਾ ਬੋਲ ਸਕਿਆ।
(ਵਰ੍ਹੇ-ਵਾਰ ਸਾਹਿਤ 1998 ਵਿਚੋਂ)

# ਗ਼ਜ਼ਲਾਂ / ਤਨਵੀਰ ਬੁਖ਼ਾਰੀ

1.

ਕੀ ਏ ਜੱਗ ਦਾ ਪਿਆਰ, ਮਿਲੇ ਜੂੰ ਦੋ ਬੰਦੇ ਵਿਚ ਲਾਰੀ।
ਆਪੋ ਆਪਣੇ ਅੱਡੇ ਉੱਤੇ ਲਹਿ ਗਏ ਵਾਰੋ ਵਾਰੀ।

ਮੈਂ ਵੀ ਮੈਂ ਨਾ ਰਹਿੰਦਾ ਸੱਜਣਾ! ਤੂੰ ਵੀ ਤੂੰ ਨਾ ਰਹਿੰਦੋਂ,
ਭਲਾ ਹੋਇਆ ਕਿ ਵਿਚ ਅਸਾਡੇ ਕੰਧ ਨਾ ਕਿਸੇ ਉਸਾਰੀ।

ਅਣਚੱਖੀ ਅਣਵਰਤੀ ਸ਼ੈਆਂ ਦੀ ਖਿੱਚ ਦਿਲਾਂ ਨੂੰ ਰਹਿੰਦੀ,
ਆਪਣੀ ਚੀਜ਼ੋਂ ਚੀਜ਼ ਪਰਾਈ, ਤਾਹੀਓਂ ਲੱਗਦੀ ਪਿਆਰੀ।

ਇੱਕੋ ਹੀ ਖਣਵਾਦੇ 'ਚੋਂ ਨੇ ਸੱਚ ਪੁੱਛੋ ਤੇ ਸਾਰੇ,
ਰਹਿਬਰ, ਡਾਕੂ, ਚੋਰ, ਮੁਲਾਣੇ, ਪੀਰ, ਫ਼ਕੀਰ, ਮਦਾਰੀ।

ਕੀ ਇਹ ਜੇਕਰ ਭੰਡਿਆ ਮਿੱਤਰਾਂ ਮੇਰੇ ਭੋਲੇਪਨ ਨੂੰ,
ਐਥੇ ਲੋਕ ਰਸੂਲਾਂ ਨੂੰ ਨਹੀਂ ਕਰਦੇ ਮਾਫ਼ 'ਬੁਖ਼ਾਰੀ'।

2.

ਜਦ ਜੰਦਰਾ ਵੱਜਿਆ ਮੈਖ਼ਾਨੇ, ਤਦ ਕੀ ਬੀਤੀ ਮੈ-ਖ਼ਵਾਰਾਂ ਤੇ।
ਕੁਝ ਭਲੇ ਮਸੀਤ ਨੂੰ ਰੁਖ਼ ਕਰ ਗਏ, ਜਾ ਬੈਠੇ ਕੁਝ ਦਰਬਾਰਾਂ ਤੇ।

ਹੱਥ ਬੱਧੇ, ਨੂੜੇ ਹੋਏ ਨੇ, ਨਹੀਂ ਕਲਮ ਵੀ ਨਾਲੇ ਕੋਲ ਮਿਰੇ,
ਡਰ ਆਉਂਦਾ ਏ ਚੰਗੇਜ਼ੀ ਤੋਂ, ਕੀ ਸ਼ਿਅਰ ਆਖਾਂ ਸਰਕਾਰਾਂ ਤੇ।

ਉਸ ਰੂੰ ਦੇ ਗੋਹੜੇ ਵਰਗੇ ਦਾ, ਕੀ ਸੁਹਲਪੁਣਾ ਸੁਭਾਨ ਅੱਲਾ,
ਇਓਂ ਟੁਰਦਾ ਏ ਕਾਲੀਨ ਉੱਤੇ, ਜੂੰ ਪੈਰ ਧਰੀਦਾ ਖ਼ਾਰਾਂ ਤੇ।

ਜੋ ਜੀਵਨ ਜੋਗਾ ਕਰ ਦੇਵੇ, ਫ਼ਨ, ਰੋਟੀ ਤੇ ਨਹੀਓਂ ਭਲਿਓ!
ਕਿਉਂ ਵਿਕਣ ਨਾ ਪੈਸੇ ਪੈਸੇ ਤੋਂ, ਭੁੱਖ ਗ਼ਾਲਬ ਏ ਫ਼ਨਕਾਰਾਂ ਤੇ।

ਉਹ ਵੇਖ ਸ਼ਿਕੰਜੇ ਵਿਚ ਮੈਨੂੰ, ਪਏ ਕੇਵੇਂ ਤਰਲੇ ਲੈਂਦੇ ਨੇ,
ਪਿਆ ਤਰਸ 'ਬੁਖ਼ਾਰੀ' ਆਉਂਦਾ ਏ, ਹਮਦਰਦਾਂ ਤੇ, ਗ਼ਮ ਗਵਾਰਾਂ ਤੇ।
**('ਪਰਸ ਦਿਓ ਮੈ-ਖ਼ਵਾਰਾਂ ਨੂੰ' ਵਿਚੋਂ)**

3.

ਹਾਏ ਹਾਏ, ਓਏ ਓਏ ਹਾਲ ਹਾਲ
ਨਖ਼ਰੇ ਕਰ ਕਰ ਖੇਡਣਾ ਵਾਂ ਪੀੜ ਨਾਲ।

ਹੋ ਗਈਆਂ ਦਿਲ ਦੇ ਦਵਾਲੇ ਸੱਧਰਾਂ,
ਘੇਰ ਲੈਂਦੇ ਜਿਸ ਤਰ੍ਹਾਂ ਪਾਗਲ ਨੂੰ ਬਾਲ।



ਪੀੜ ਤੇਰੀ ਰਿੜਕ ਛੱਡਿਆ ਜੀਣ ਨੂੰ,
ਸ਼ਹਿਰ ਪੂਰਾ ਢਾਹ ਗਿਆ ਜਿਸਰਾਂ ਭੂਚਾਲ।

ਵਕਤ ਨੇ ਪਾ ਛੱਡੀਆਂ ਕੀ ਗੁੰਝਲਾਂ,
ਬਣ ਗਿਆ ਇਕ ਉਲਝਿਆ ਹੋਇਆ ਸਵਾਲ।

ਐਵੇਂ ਦੋ ਤਿੰਨ ਸੌ ਕਿਤਾਬਾਂ ਛਾਪ ਕੇ,
ਕੀਤਾ ਏ 'ਤਨਵੀਰ' ਤੂੰ ਕਿਹੜਾ ਕਮਾਲ!

4.

ਰਿਹਾ ਅੰਗ ਅੰਗ ਉਹਦਾ ਬੋਲਦਾ, ਅਸੀਂ ਰਹੇ ਚੁੱਪ-ਚਾਪ ਖੜੇ।
ਜੇ ਦਿਲ ਵੀ ਜੀਭ ਚਾ ਖੋਲ੍ਹਦਾ, ਪੈ ਜਾਂਦੇ ਵਖ਼ਤ ਬੜੇ।

ਪਾ ਦਿੱਤੇ ਪੇਟੇ ਰੱਬ ਦੇ, ਇਹਨਾਂ ਕੋਲੋਂ ਹੁਕਮ ਘੜੇ,
ਖ਼ੁਦ ਲਿਖ ਕੇ ਲੇਖ ਅਸਾਡੜੇ, ਸਾਨੂੰ ਆਖਣ ਲੇਖ ਸੜੇ।

ਕੀ ਆਢਾ ਲਾਉਂਦੇ ਜੱਗ ਥੀਂ, ਅਸੀਂ ਹੋ ਬੇਜ਼ੋਰ ਝੜੇ,
ਰੋ ਰੋ ਕੇ ਰਾਤੀਂ ਰੱਜ ਕੇ, ਅਸੀਂ ਰੱਬ ਦੇ ਨਾਲ ਲੜੇ।

ਭਲਾ ਥਿੜਕੇ ਡੋਲੇ ਜ਼ਿਹਨ ਵੀ, ਬਾਂਹ ਕਿਹੜਾ ਗਿਆਨ ਫੜੇ,
ਕੀ ਖੁੱਲ ਕੇ ਮਤਲਬ ਦੱਸੀਏ, ਅਸੀਂ ਲਫ਼ਜ਼ਾਂ ਵਿਚ ਤੜੇ।

ਉਹ ਜਿਹੜੇ ਰਾਖੀ ਵਾਸਤੇ, ਅਸੀਂ ਰੱਖੇ ਸਨ 'ਤਨਵੀਰ',
ਉਹ ਮੱਛਰੇ ਹੋਏ ਸੂਰਮੇ, ਅੱਜ ਅੰਦਰੀਂ ਆਣ ਵੜੇ।

5.

ਕੁਦਰਤੋਂ ਖੁੱਲ ਜ਼ਿਹਨ ਦੀ ਬਾਰੀ ਗਈ।
ਕਮਲੇਪਨ ਨੂੰ ਲੱਭ ਫ਼ਨਕਾਰੀ ਗਈ।

ਸੁੱਝੀ ਨਹੀਂ ਮਹਿਮਾਨ ਦੀ ਸੇਵਾ ਦੀ ਗੱਲ,
ਵਿਚ ਖ਼ੁਸ਼ੀ ਦੇ ਸੁਰਤ ਈ ਮਾਰੀ ਗਈ।

ਘੋਲ ਘੱਤੀ ਯਾਰ ਤੋਂ ਹਰ ਚੀਜ਼ ਪਰ,
ਆਪਣੀ ਅਣਖ ਨਹੀਂ ਵਾਰੀ ਗਈ।

ਉਮਰ ਭਰ ਹੰਝੂ ਤਰੌਂਕੇ, ਪਰ ਅਜੇ,
ਤੱਤੜੀ ਸੱਧਰ ਨਹੀਂ ਇਕ ਠਾਰੀ ਗਈ।

ਕੱਲ੍ਹ ਬੁਖ਼ਾਰੀ ਲੱਗਦੀ ਸੀ ਹਰ ਸ਼ੈਅ ਬੁਰੀ,
ਅੱਜ ਕਿਵੇਂ ਹਰ ਚੀਜ਼ ਹੋ ਪਿਆਰੀ ਗਈ।

6.

ਉਮਰ ਪੜ੍ਹਦਿਆਂ ਬੁੱਢੀ ਹੋਈ, ਹਾਲੇ ਇਲਮ ਨਿਆਣਾ।
ਸਮਝ ਕੇ ਆਪਣੇ ਆਪ ਨੂੰ ਦਾਨਾ, ਜਾਹਲ ਰਿਹਾ ਨਿਮਾਣਾ।

ਨਾਦਰ ਸ਼ਾਹ ਦੇ ਲਸ਼ਕਰ ਵਾਂਗੂੰ, ਮਿੱਧ ਗਏ ਪੈਰਾਂ ਥੱਲੇ,
ਕਿਹੜੇ ਵਸਫੋਂ ਚੇਤੇ ਆਵੇ, ਸਾਨੂੰ ਵਕਤ ਪੁਰਾਣਾ।

ਅਸੀਂ ਬੇਹਿਰਸੇ ਜਦੇ ਜ਼ਰਦਾਰੋ! ਬੁਜ਼ਦਿਲ ਹਾਂ ਯਾ ਸੂਫ਼ੀ,
ਸਹਿ ਜਾਨੇ ਆ ਜ਼ੁਲਮ ਤਿਰੇ ਨੂੰ, ਸਮਝ ਕੇ ਰੱਬ ਦਾ ਭਾਣਾ।

ਖਾ ਜਾਣਾ ਸੀ ਵੇਚ ਕੇ ਰੱਬ ਨੂੰ, ਕਰ ਕੇ ਹੇਠਾ ਜੇਠੀ,
ਜੇਕਰ ਮੁੱਲਾਂ ਵਾਂਗੂੰ ਮੈਂ ਵੀ ਹੁੰਦਾ ਐਡ-ਸਿਆਣਾ।

ਅਸੀਂ ਉਨ੍ਹਾਂ 'ਚੋਂ ਨਾਹੀਂ ਜਿਹੜੇ ਨਿਰੇ ਮਰਨ ਲਈ ਜੰਮੇ,
ਅਸੀਂ 'ਬੁਖ਼ਾਰੀ' ਦੁਨੀਆਂ ਨੂੰ ਕੋਈ ਕੰਮ ਵਿਖਾ ਕੇ ਜਾਣਾ।

7.

ਛੱਟਾ ਲਫ਼ਜ਼ਾਂ ਦਾ ਦੇ ਕੇ ਕਾਗਜ਼ਾਂ ਤੇ,
ਅਸੀਂ ਆਪਣਾ ਆਪ ਖਲਾਰ ਛੱਡਿਆ।

ਵੰਡ ਚੰਡ ਕੇ ਅਸੀਂ ਵਜੂਦ ਆਪਣਾ,
ਗਲੋਂ ਲਾਹ ਹਯਾਤੀ ਦਾ ਭਾਰ ਛੱਡਿਆ।

ਹੈਸੀ ਕਿਣਕਾ ਕੁ ਮਿੱਟੀ ਦਾ ਕੋਲ ਸਾਡੇ,
ਅਸਾਂ ਉਹ ਵੀ ਜੱਗ ਤੋਂ ਵਾਰ ਛੱਡਿਆ।

ਸਾਡਾ ਮੁੱਲ ਨਾ ਮੋੜਿਆ ਬੰਦਿਆਂ ਨੇ,
ਅਸੀਂ ਰੱਬ ਤੇ ਚਾੜ੍ਹ ਹੁਧਾਰ ਛੱਡਿਆ।

ਰੋਣ ਧੋਣ ਦਾ ਨਹੀਂ ਸੀ ਕੋਈ ਫ਼ਾਇਦਾ,
ਹੱਸ ਖੇਡ ਕੇ ਜੀਣ ਗੁਜ਼ਾਰ ਛੱਡਿਆ।

ਭਲਾ ਹੋਇਆ ਕਿ ਮੌਤ ਦਾ ਡਰ ਲੱਥਾ,
ਸਾਨੂੰ ਜੀਊਂਦਿਆਂ ਜੀ ਉਸ ਮਾਰ ਛੱਡਿਆ।

ਲੱਥੀ ਦੇਸ 'ਚ ਇੱਕ ਬਲਾ ਜਿਹਨੇ,
ਬੇਜ਼ਰ ਤੇ ਨਾ ਜ਼ਰਦਾਰ ਛੱਡਿਆ।

ਹੂੰਝ ਕੂਚ ਕੇ ਚੱਟ ਕੇ ਰੜਾ ਕਰ ਗਈ,
ਕਿਸੇ ਕੋਲ ਨਹੀਂ ਕੱਖ ਸਰਕਾਰ ਛੱਡਿਆ।

**(ਪੰਜਾਬੀ ਸਾਹਿਤ 1997**



## ਅੱਜ ਕੀ ਪਕਾਈਏ? / ਅਨਵਰ ਮਸਊਦ

ਚੌਧਰੀ : ਅੱਜ ਕੀ ਪਕਾਈਏ, ਦੱਸ ਤੇਰਾ ਕੀ ਖ਼ਿਆਲ ਏ?

ਰਹਿਮਾਨ : ਮੈਂ ਕੀ ਖ਼ਿਆਲ ਦੱਸਾਂ, ਮੇਰੀ ਕੀ ਮਜਾਲ ਏ।

ਚੌਧਰੀ : ਰਹੀਮਿਆ! ਚੱਲ ਅੱਜ ਫੇਰ ਚਸਕੇ ਈ ਲਾ ਲਈਏ।
ਲੱਭ ਜਾਣ ਚੰਗੀਆਂ ਤੇ ਭਿੰਡੀਆਂ ਪਕਾ ਲਈਏ।

ਰਹਿਮਾਨ : ਵਾਹ ਵਾਹ ਤੁਸਾਂ ਬੁੱਝੀਆਂ ਨੇ ਦਾਦੀ ਦੀਆਂ ਚੋਰੀਆਂ,
ਮੇਰਾ ਵੀ ਇਹ ਦਿਲ ਸੀ ਪਕਾਈਏ ਅੱਜ ਤੋਰੀਆਂ।
ਲੂਆਂ ਵਾਲੀ ਭਿੰਡੀ ਹੋਵੇ, ਪੋਟਾ ਪੋਟਾ ਲੰਮੀ ਹੋਵੇ,
ਹਰੀ ਤੇ ਕਚੂਰ ਹੋਵੇ, ਸੋਹਣੀ ਹੋਵੇ ਕੂਲੀ ਹੋਵੇ,
ਵਿਚ ਹੋਣ ਬੱਕਰੇ ਦੀ ਪੁੱਠ ਦੀਆਂ ਬੋਟੀਆਂ,
ਨਾਲ ਹੋਣ ਛੰਡੀਆਂ ਤੰਦੂਰ ਦੀਆਂ ਰੋਟੀਆਂ।
ਮੱਖਣੇ ਦਾ ਪੇੜਾ ਹੋਵੇ, ਲੱਸੀ ਦਾ ਪਿਆਲਾ ਹੋਵੇ,
ਭਿੰਡੀਆਂ ਦੇ ਨਖ਼ਰੇ ਤੇ ਗਰਮ ਮਸਾਲਾ ਹੋਵੇ।
ਭਿੰਡੀਆਂ ਬਣਾਣਾ ਵੀ ਤੇ ਕੋਈ ਕੋਈ ਜਾਣਦੈ,
ਰਿੰਨ੍ਹਣਾ ਪਕਾਣਾ ਵੀ ਤੇ ਕੋਈ ਕੋਈ ਜਾਣਦੈ।
ਉੱਠਾਂ ਫੇਰ, ਚੌਧਰੀ ਜੀ, ਫੜਾਂ ਮੈਂ ਤਿਆਰੀਆਂ,
ਭਿੰਡੀਆਂ ਬਣਾਵਾਂ ਅੱਜ ਰੱਜ ਕੇ ਕਰਾਰੀਆਂ।

ਚੌਧਰੀ : ਰਹੀਮਿਆਂ, ਹਜ਼ਾਰ ਹੋਣ ਮਜ਼ੇਦਾਰ ਭਿੰਡੀਆਂ,
ਹੁੰਦੀਆਂ ਨੇ ਜ਼ਰਾ ਕੁਝ ਲੇਸਦਾਰ ਭਿੰਡੀਆਂ।

ਰਹਿਮਾਨ : ਦਫ਼ਾ ਕਰੋ, ਚੌਧਰੀ ਜੀ, ਸਬਜ਼ੀਆਂ ਦੀ ਥੋੜ ਏ,
ਸਾਨੂੰ ਇਹ ਲਸੂੜੀਆਂ ਪਕਾਣ ਦੀ ਕੀ ਲੋੜ ਏ।
ਬੰਦਾ ਕਾਹਨੂੰ ਭਿੰਡੀਆਂ ਦੀ ਲੇਸ ਦੀ ਹਵਾੜ ਲਏ.
ਇਹਦੇ ਨਾਲੋਂ ਪੌਲੀ ਦੀ ਸਰੇਸ਼ ਭਾਵੇਂ ਚਾੜ੍ਹ ਲਏ।

ਚੌਧਰੀ : ਫੇਰ ਕੀ ਖ਼ਿਆਲ ਏ ਤੇਰਾ, ਝੜੀ ਨਾ ਮਨਾ ਲਈਏ,
ਜੇ ਤੂੰ ਆਖੇਂ, ਰਹੀਮਿਆਂ, ਕਰੇਲੇ ਨਾ ਪਕਾ ਲਈਏ।

ਰਹਿਮਾਨ : ਰੀਸ ਏ ਕੋਈ ਚੌਧਰੀ ਜੀ ਆਪ ਦੇ ਖ਼ਿਆਲ ਦੀ।
ਜੰਮੀ ਏ ਕੋਈ ਸਬਜ਼ੀ ਕਰੇਲਿਆਂ ਦੇ ਨਾਲ ਦੀ।
ਢਿੱਡ ਵਿਚ ਇੰਝ ਜਿਵੇਂ ਲੋ ਲੱਗ ਪਈ ਏ,
ਤੁਸਾਂ ਗੱਲ ਕੀਤੀ ਏ ਤੇ ਰਾਲ ਵਗ ਪਈ ਏ।
ਸੱਚ ਪੁੱਛੋ, ਚੌਧਰੀ ਜੀ ਏਹੋ ਮੇਰੀ ਰਾਏ ਏ,
ਮੈਨੂੰ ਵੀ ਚਿਰੋਕਣਾ ਕਰੇਲਿਆਂ ਦਾ ਚਾਅ ਏ।
ਚੌਧਰੀ ਜੀ, ਹੋਵੇ ਜੇ ਕਰੇਲਾ ਚੰਗਾ ਪਲਿਆ,
ਵਿਚ ਹੋਵੇ ਕੀਮਾ, ਉੱਤੇ ਧਾਗਾ ਹੋਵੇ ਵਲਿਆ।
ਗੰਢਿਆਂ ਟਮਾਟਰਾਂ ਦੇ ਨਾਲ ਹੋਵੇ ਤੁੰਨਿਆ।
ਫੇਰ ਹੋਵੇ ਘਰ ਦੇ ਘਿਉ ਵਿਚ ਭੁੰਨਿਆ।

ਫੇਰ ਕੋਈ ਚੌਧਰੀ ਜੀ ਓਸ ਦਾ ਸਵਾਦ ਏ!
ਪਰ ਵੀ ਪਕਾਇਆ ਸੀ, ਤੁਹਾਨੂੰ ਵੀ ਤੇ ਯਾਦ ਏ।

ਰਹਿਮਾਨ : ਹੋਰ ਬੀਬਾ, ਇਹਦੀ ਮੈਨੂੰ ਹਰ ਗੱਲ ਭਾਉਂਦੀ ਏ,
ਰਹੀਮਿਆਂ, ਕਰੇਲੇ ਵਿਚ ਕੌੜ ਜ਼ਰਾ ਹੋਂਦੀ ਏ।

ਰਹਿਮਾਨ : ਦਫ਼ਾ ਕਰੋ, ਜ਼ਹਿਰ ਤੇ ਚਰੈਤਾ ਮੈਨੂੰ ਲੱਗਦਾ ਏ,
ਨਿੰਮ ਤੇ ਧਰੇਕ ਦਾ ਭਰਾ ਮੈਨੂੰ ਲੱਗਦਾ ਏ।
ਪਲੋ ਪਲੇ ਦੰਦਾਂ ਥੱਲੇ ਜੀਭ ਪਈ ਸੁੱਕਦੀ,
ਖਾ ਮਰ ਲਈਏ ਤੇ ਤਰੇਹ ਨਹੀਂ ਮੁੱਕਦੀ।
ਤੁੰਮੇ ਦੀਆਂ ਗੋਲੀਆਂ ਕਰੇਲਿਆਂ ਤੋਂ ਫਿੱਕੀਆਂ,
ਇਹਨਾਂ ਨਾਲੋਂ ਚਾੜ੍ਹ ਲਓ ਕੁਨੈਣ ਦੀਆਂ ਟਿੱਕੀਆਂ।

ਚੌਧਰੀ : ਰਹੀਮਿਆਂ, ਫਿਰ ਇੰਜ ਕਰ ਤੂੰ ਵੀ ਕੋਈ ਰਾਏ ਦੇ,
ਸੱਚੀਂ ਤੇ ਬਤਾਊਆਂ ਦਾ ਵੀ ਆਪਣਾ ਸਵਾਦ ਏ।

ਰਹਿਮਾਨ : ਰੱਬ ਤੁਹਾਡਾ ਭਲਾ ਕਰੇ, ਕੇਡੀ ਸੋਹਣੀ ਗੱਲ ਏ,
ਏਹੋ ਜਿਹੇ ਜ਼ਾਇਕੇ ਵਾਲਾ ਹੋਰ ਕਿਹੜਾ ਫਲ ਏ।
ਕਾਲੇ ਕਾਲੇ ਲਿਸ਼ਕਦੇ ਤੇ ਗੋਲ ਗੋਲ ਚਾੜ੍ਹ ਲਓ,
ਚੌਧਰੀ ਜੀ ਓਵਨ ਤੇ ਵਤਾਊਂ ਚੌਲ ਚਾੜ੍ਹ ਲਓ।

ਚੌਧਰੀ : ਰਹੀਮਿਆਂ ਪਕਾਣ ਨੂੰ ਤੇ ਜੀਅ ਬੜਾ ਕਰਦਾ ਏ,
ਭੱਠਿਆਂ ਦੀ ਗਰਮੀ ਤੋਂ ਦਿਲ ਜ਼ਰਾ ਡਰਦਾ ਏ।

ਰਹਿਮਾਨ : ਸੱਚ ਏ ਜੀ, ਚੌਧਰੀ ਜੀ, ਢਿੱਡ ਕਾਹਨੂੰ ਬਾਲਣਾ,
ਖਾਣ ਵਾਲੀ ਚੀਜ਼ ਹੈ ਕੋਈ ਵੈਂਗਣਾ ਦਾ ਸਾਲਣਾ।
ਭੱਠਿਆਂ ਦੇ ਡੱਕ ਵਿਚ ਸੁੱਟਣੇ ਜ਼ਰੂਰ ਨੇ,
ਕਾਹਨੂੰ ਪਏ ਭਖਾਈਏ ਸਾਡੇ ਢਿੱਡ ਕੋਈ ਤੰਦੂਰ ਨੇ।
ਦਫ਼ਾ ਕਰੋ ਭੱਠਿਆਂ ਨੂੰ, ਭੱਠੇ ਕਾਹਨੂੰ ਸਾੜੀਏ,
ਹਬਸ਼ੀਆਂ ਨੂੰ ਚੌਧਰੀ ਜੀ ਘਰ ਕਾਹਨੂੰ ਵਾੜੀਏ।
ਕਾਲਿਆਂ ਦੇ ਨਾਲ ਕਾਹਨੂੰ ਮਾਰੀਏ ਉਡਾਰੀਆਂ।
ਸਾਡੀਆਂ ਤੇ ਹੈਨ ਅਮਰੀਕਾ ਨਾਲ ਯਾਰੀਆਂ।

ਚੌਧਰੀ : ਵੱਧ ਵੱਧ ਬੋਲਣਾ ਏਂ ਐਵੇਂ ਬੜਬੋਲਿਆ
ਸਬਜ਼ੀਆਂ ਤੋਂ ਜਾ ਤੂੰ ਸਿਆਸਤਾਂ ਨੂੰ ਫੋਲਿਆ
ਦੂਜੇ ਦੀ ਵੀ ਸੁਣ ਕੁਝ ਦੂਜੇ ਨੂੰ ਵੀ ਕਹਿਣ ਦੇ,
ਹਕੂਮਤਾਂ ਦੀ ਗੱਲ ਤੂੰ ਹਕੂਮਤਾਂ ਤੇ ਰਹਿਣ ਦੇ।
ਚੰਗਾ ਫੇਰ ਬੁੱਝ ਭਲਾ ਮੇਰਾ ਕੀ ਖ਼ਿਆਲ ਏ?

ਰਹਿਮਾਨ : ਬੁਝ ਲਿਆ ਚੌਧਰੀ ਜੀ, ਛੋਲਿਆਂ ਦੀ ਦਾਲ ਏ।

●●●





## ਕਿਦ੍ਹੀ ਸਵਾਰੀ ਆ ਰਹੀ ਏ? / ਫ਼ਖ਼ਰ ਜ਼ਮਾਨ

ਅਹਿ ਕਿਦ੍ਹੀ ਸਵਾਰੀ ਆ ਰਹੀ ਏ?
ਠੰਡੀ ਸੜਕ ਜਿਥੋਂ ਉਹਦੀ
'ਬੁਲਟ ਪਰੂਫ਼' 'ਲੈਮੋਜ਼ੀਨ' ਲੰਘਣੀ ਏ
ਬੰਦ ਏ
ਕੰਢਿਆਂ ਉਪਰ ਪੁਲਿਸ ਦੇ ਬੰਦੇ
ਡੰਡੇ, ਡਾਂਗਾਂ, ਬੰਦੂਕ, ਪਿਸਤੌਲ ਲੈ ਕੇ ਘੁੰਮ ਰਹੇ ਨੇ
ਕੁਝ ਸਕੂਲਾਂ ਦੇ ਬੱਚੇ ਆਪਣੀਆਂ ਯੂਨੀਫਾਰਮਾਂ ਵਿਚ
ਹੱਥਾਂ ਵਿਚ ਗੁਲਦਸਤੇ ਫੜਕੇ
ਖਲੋਤੇ ਨੇ
(ਅੱਜ ਸਕੂਲਾਂ ਵਿਚ ਛੁੱਟੀ ਏ)
ਰਾਹਗੀਰ ਏਧਰ ਓਧਰ ਜਾਣ ਵਾਲੇ, ਖਲੋਤੀ, ਟ੍ਰੈਫਿਕ ਪਾਰੋਂ
ਸੜਕ ਦੇ ਕਿਨਾਰੇ ਖਲੋ ਗਏ ਨੇ
ਤੁਸੀਂ ਠੰਡੀ ਸੜਕ ਤੇ ਟੁਰ ਨਹੀਂ ਸਕਦੇ
ਸਿਰਫ਼ ਕ੍ਰਾਸ ਕਰ ਸਕਦੇ ਹੋ (ਛੋਟੀ ਸੜਕ ਤੇ ਜਾਣ ਲਈ)
ਜਿਸ ਦਾ ਘਰ ਠੰਡੀ ਸੜਕ ਦੇ ਆਲ਼ੇ-ਦੁਆਲ਼ੇ ਵਿਚ ਹੋਵੇ
ਉਹ ਅਡੋਲ ਈ ਖੱਬੀ ਯਾ ਸੱਜੀ ਸੜਕ ਤੇ ਪੈ ਜਾਵੇ
ਤੇ ਹੌਂਵਦਾ ਹੌਂਵਦਾ, ਫਿਰਦਾ ਫਿਰਾਉਂਦਾ
ਸੌ ਗਜ਼ਾਂ ਦਾ ਪੰਧ ਘੱਟੋ ਘੱਟ ਇਕ ਮੀਲ ਵਿਚ ਨਿਬੇੜ ਕੇ
ਘਰ ਅਪੜ ਜਾਏ
ਜਿਸ ਦਾ ਘਰ ਬਿਲਕੁਲ ਠੰਡੀ ਸੜਕ ਉੱਤੇ ਹੋਵੇ
ਉਹ ਮਲਕੜੀ ਘਰ ਦੀ ਪਿਛਲੀ ਕੰਧ ਟੱਪ ਕੇ
(ਜਿਹੜੀ ਕਿਸੇ ਛੋਟੀ ਸੜਕ ਤੇ ਵਾਕਿਆ ਏ)
ਚੋਰਾਂ ਵਾਂਗੂੰ ਆਪਣੇ ਹੀ ਘਰ ਜਾਏ
ਸਾਹਮਣੇ ਗੇਟ ਦੇ ਆਸੇ ਪਾਸੇ ਪੁਲਿਸ ਦੇ ਜਵਾਨ
ਖਲੋਤੇ ਨੇ
ਠੰਡੀ ਸੜਕ ਸਭ ਕਿਸਮਾਂ ਦੀ ਟ੍ਰੈਫਿਕ ਲਈ ਬੰਦ ਏ
ਕਿਦ੍ਹੀ ਸਵਾਰੀ ਆ ਰਹੀ ਏ?
ਕਿਸੇ ਮੁਗ਼ਲ ਚੁਗ਼ੱਤੇ ਜ਼ਿਲੇ ਅਲਾਹੀ, ਜੱਨਤ ਮਕਾਨੀ ਦੀ
ਕਿਸੇ ਡਾਇਰ, ਸਾਂਡਰਸ ਦੀ
ਯਾਂ– ਬਾ ਅਦਬ ਬਾਮੁਲਾਹਜ਼ਾ ਹੋਸ਼ਿਆਰ
ਯਾ—ਤੀਰ ਨੂੰ ਅਣੀ ਲਾ ਓਇ ਦੁੱਲਿਆ, ਖਰਲਾ, ਫਤਿਆ ਨਯਾ
ਪਿਸਤੌਲ ਹਵਾ ਵਿਚ ਲਹਿਰਾ ਓਇ ਰਾਮ ਮੁਹੰਮਦ ਸਿੰਘ ਆਜ਼ਾਦਾ
ਬੰਬ ਹੱਥ ਵਿਚ ਸੰਭਾਲ ਓਇ ਭਗਤ ਸਿੰਘਾ!! ●●●

## ਹੋਰ ਨਹੀਂ ਜਰਨਾ / ਫ਼ਖ਼ਰ ਜ਼ਮਾਨ

ਬੜਾ ਜਰਿਆ ਪਰ ਹੁਣ ਨਹੀਂ ਹੋਰ ਜਰਨਾ
ਦੁੱਖਾਂ, ਪੀੜਾਂ, ਜ਼ਿਆਦਤੀਆਂ,
ਸਹਿਣ ਦਾ ਵੀ ਕੋਈ ਤੇ
ਬੰਨਾ ਹੁੰਦਾ ਵੇ
ਤੁਸਾਂ ਅਸਾਨੂੰ ਖੁੰਢੀਆਂ ਛੁਰੀਆਂ ਨਾਲ
ਭਰ ਚਸਕੇ ਲੈ ਕੇ ਕੋਹਿਆ
ਤੁਸਾਂ ਅਸਾਡੀਆਂ ਜੀਭਾਂ ਕੱਟੀਆਂ
ਅੱਖਾਂ ਅੰਨ੍ਹੀਆਂ ਕੀਤੀਆਂ
ਕੰਨਾਂ ਵਿਚ ਪਿਘਲਦਾ ਹੋਇਆ ਸ਼ੀਸ਼ਾ ਪਾਇਆ
ਲੱਤਾਂ ਬਾਹਵਾਂ ਭੰਨ ਕੇ ਅੰਨ੍ਹੇ ਖੂਹ ਵਿਚ ਸੁੱਟਿਆ
ਤੁਸਾਂ ਅਸਾਡੇ ਨਾਲ ਕੀ ਕੀ ਨਾ ਕੀਤਾ
ਪਰ ਅਸੀਂ ਚੁੱਪ ਰਹੇ —
ਗਾਲ੍ਹਾਂ ਸਾਡਿਆਂ ਹੋਠਾਂ ਉਪਰ ਆ ਆ ਕੇ
ਪੱਬਾਂ ਭਾਰ ਵਾਪਿਸ ਮੁੜ ਜਾਂਦੀਆਂ ਰਹੀਆਂ
ਤੁਸਾਂ ਸਮਝਿਆ ਬੁਜ਼ਦਿਲ, ਨਿਲੱਜੇ ਨੇ
ਲਿੱਸੀ ਸਾਮੀ ਜਾਣ ਕੇ
ਸਾਡੀ ਕੰਡ ਤੇ ਕਾਠੀ ਬੀੜੀ
ਅਸੀਂ ਤਦ ਵੀ ਕੁਝ ਨਾ ਬੋਲੇ
ਤੁਸਾਂ ਸਮਝਿਆ ਅਹਿ ਰੇਤੂ ਦੇ ਬੁਤ ਨੇ
ਮੁੱਕਦੀ ਗੱਲ ਏ ਤੁਸਾਂ ਸਾਨੂੰ ਮੁਕਾਣ ਲਈ
ਜੋ ਕੁਝ ਕਰ ਸਕਦੇ ਸਾਓ ਕੀਤਾ —
ਪਰ ਹੁਣ ਅਸੀਂ ਹੋਰ ਨਹੀਂ ਜਰਨਾ
ਹੁਣ ਤੁਹਾਡੀਆਂ ਵਧੀਕੀਆਂ
ਹੋਰ ਨਹੀਂ ਜਰਨੀਆਂ
ਹੁਣ ਇੱਟ ਦਾ ਉੱਤਰ ਵੱਟੇ ਨਾਲ ਦਿਆਂਗਾ
ਤਿਆਰ ਓ ਨਾ? ਆਈ ਜੇ ਮੁੜ ਪਹਿਲੀ —

•••

## ਨਜ਼ਮ / ਜ਼ਾਹਦ ਹਸਨ

ਨਜ਼ਮ ਹਿਜਰ ਦੀਆਂ ਪੀੜਾਂ ਦਾ ਪਰਾਗਾ ਹੈ
ਨਜ਼ਮ, ਹਯਾਤੀ ਦੇ ਸੋਮੇ ਵਿਚੋਂ
ਹੌਲ਼ੇ ਹੌਲ਼ੇ ਕਿਰਦਾ ਰਹਿੰਦਾ ਸ਼ਹਿਦ ਹੈ।
ਨਜ਼ਮ, ਨਾ-ਵਿਆਹੀਆਂ ਜਾ ਸਕਣ
ਵਾਲੀਆਂ ਕੁੜੀਆਂ ਦਾ ਦਾਜ ਹੈ।
ਨਜ਼ਮ, ਤਾਰਕੋਲ ਦੀਆਂ ਸੜਕਾਂ ਉੱਤੇ
ਐਵੇਂ ਈ ਵਹਿ ਜਾਵਣ ਵਾਲਾ ਲਹੂ ਹੈ।
ਨਜ਼ਮ, ਸ਼ੋ-ਕੇਸ ਵਿਚ ਸੱਜਿਆ ਕਲਿੱਪ ਹੈ
ਜਿਹਦੇ ਬਿਨਾਂ ਹਰ ਵਾਰ ਉਹਦੇ
ਵਾਲ ਖਿੱਲਰੇ ਰਹਿ ਜਾਂਦੇ ਹਨ।
ਨਜ਼ਮ ਮਾਂ ਪੁੱਤਰ ਵਿਚਕਾਰ ਕੱਟੇ ਜਾਣ ਵਾਲੇ
ਨਾੜੂ ਦੀ ਪੀੜ ਹੈ,
ਜਿਹੜੀ, ਵਿਛੋੜੇ ਵੇਲੇ ਸਰ੍ਹੋਂ ਦੀਆਂ ਗੰਦਲਾਂ
ਵਾਂਗ ਨਿਸਰਦੀ ਹੈ
ਨਜ਼ਮ ਹੱਯਾਤੀ ਦਾ ਸਤ ਹੈ।
ਨਜ਼ਮ ਮਿਰਜ਼ੇ ਦੀ ਇੱਜ਼ਤ ਤੇ
ਸਾਹਿਬਾਂ ਦਾ ਵਿਹਾਰ ਹੈ।
ਨਜ਼ਮ ਨਸਲਾਂ ਦਾ ਅਸਲ ਹੈ।
ਨਜ਼ਮ ਹੁੰਦੀ ਹੈ,
ਕੁੜੀਆਂ ਵਿਚ ਬੇਸਕਵੰਨੀ ਵਾਂਗ
ਨਜ਼ਮ, ਉਸਰਦੀ ਹੈ
ਸ਼ਾਇਰਾਂ ਵਿਚ ਇਬਾਦਤ ਵਾਂਗ
ਨਜ਼ਮ, ਉੱਗਦੀ ਹੈ ਲੋਕਾਂ ਵਿਚ ਅੱਖਾਂ ਵਾਂਗ
ਨਜ਼ਮ ਬੰਦੇ ਵਿਚ ਖ਼ੁਦਾ ਦੇ ਹੋਣ ਦੀ ਦਲੀਲ ਹੈ।
ਮੁਹੱਬਤ ਨੂੰ ਹੱਯਾਤੀ ਵਲੋਂ
ਜੰਗ ਨੂੰ ਅਮਨ ਵਲੋਂ
ਬੁਢਾਪੇ ਨੂੰ ਜਵਾਨੀ ਵਲੋਂ
ਤੇ ਅੱਖਾਂ ਨੂੰ ਹੈਰਾਨੀ ਵਲੋਂ
ਨਜ਼ਮ ਇੱਕ ਸੁਨੇਹਾ ਹੈ
ਬੰਦੇ ਨੂੰ ਰੱਬ ਵਲੋਂ
ਤੇ ਰੱਬ ਨੂੰ ਬੰਦੇ ਵਲੋਂ
ਨਜ਼ਮ ਇੱਕ ਸੁਨੇਹਾ ਹੈ
ਨਜ਼ਮ ਆਜ਼ਾਦੀ ਹੈ
ਤੇ ਆਜ਼ਾਦੀ ਨਜ਼ਮ ਹੈ।

(ਵਰ੍ਹੇ ਵਾਰ ਸਾਹਿਤ 1998 'ਚੋਂ)

•••



ਸਵੇ-ਚਿੱਤਰ

## ਮੈਂ ਕੌਣ? / ਅਫ਼ਜ਼ਲ ਤੌਸੀਫ਼

ਮੈਂ ਕੌਣ?
ਇੱਕ ਔਰਤ ਹਾਂ ਮਹਿਮੂਲੀ ਜਿਹੀ
ਕਾਲ਼ੀ ਨਾ ਗੋਰੀ
ਜਨਮ ਵੇਲ਼ੇ ਮੇਰਾ ਚਿਹਰਾ
ਨਕਸ਼ਾਂ ਤੋਂ ਖਾਲੀ ਸੀ
ਏਸੇ ਲਈ ਮੈਂ ਆਪਣੀ ਮਿੱਟੀ
ਫਿਰ ਤੋਂ ਗੁੰਨੀ
ਆਪਣੇ ਹੱਥਾਂ ਨਾਲ
ਆਪਣਾ ਮੁੱਖ ਬਣਾਇਆ।

ਮੇਰਾ ਚਿਹਰਾ ਬਹੁਤ ਖ਼ੂਬਸੂਰਤ ਨਹੀਂ
ਪਰ ਨਕਸ਼ ਪੂਰੇ ਨੇ
ਜਨਮ ਵੇਲ਼ੇ ਮੇਰਾ ਨਾਮ ਗੁੰਮਨਾਮ ਸੀ
ਮੈਂ ਖ਼ੁਦ ਹੀ ਆਪਣਾ ਨਾਂ ਰੱਖਿਆ
ਬਹੁਤ ਉੱਚਾ ਨਹੀਂ
ਪਰ ਨਾਂ ਦਾ ਅਰਥ ਪੂਰਾ ਹੈ
ਇਤਿਹਾਸ ਮੇਰੇ ਹੱਕ ਵਿਚ ਨਹੀਂ ਸੀ
ਉਸ ਨੇ ਮੇਰੇ ਰਾਹ ਵਿਚ ਕੰਡੇ ਬੀਜੇ।

ਸਮਾਜ ਮੇਰੇ ਖ਼ਿਲਾਫ਼ ਸੀ
ਉਸਨੇ ਮੇਰੇ ਸਿਰ ਉੱਤੇ ਹਨੇਰੇ ਦਾ
ਤੰਬੂ ਤਾਣ ਦਿੱਤਾ
ਤਾਂ ਕਿ ਮੈਂ ਅਸਮਾਨ ਨੂੰ ਨਾ ਵੇਖ ਸਕਾਂ
ਨਾ ਹੀ ਕਿਸੇ ਚੰਨ-ਤਾਰੇ ਨਾਲ ਗੱਲ ਕਰਾਂ
ਮੇਰੇ ਦਿਲ ਨੂੰ ਇਹ ਸਲੂਕ ਬੁਰਾ ਲੱਗਿਆ
ਉਸ ਨੇ ਮੈਨੂੰ ਸਲਾਹ ਦਿੱਤੀ,
ਚੱਲ ਜੋਗੀ ਬਣ ਜਾਈਏ।
ਪਰ ਜੋਗਣ ਜੰਗਲ ਕਿਵੇਂ ਜਾਂਦੀ?
ਮੇਰੇ ਪੈਰਾਂ ਵਿਚ ਲੋਹੇ ਦੀ ਬੇੜੀ ਸੀ
ਮੈਂ ਖ਼ਾਮੋਸ਼ ਰਹਿ ਕੇ
ਨਾਰਾਜ਼ਗੀ ਪ੍ਰਗਟ ਕੀਤੀ
ਰਿਸ਼ਤੇ-ਨਾਤੇ ਸਾਰੇ ਤੋੜ ਦਿੱਤੇ।
ਕਿਤਾਬ ਦੀ ਓਟ ਵਿਚ
ਮੂੰਹ ਲੁਕਾ ਕੇ ਨੁੱਕਰੇ ਜਾ ਬੈਠੀ
ਕਿਤਾਬ ਨੂੰ ਮੇਰੇ ਦਿਲ ਦੀ ਖ਼ਬਰ ਸੀ
ਉਸ ਨੇ ਮੈਨੂੰ ਕਈ ਗੱਲਾਂ ਦੱਸੀਆਂ
ਇੱਕ ਨਵੀਂ ਦੁਨੀਆ ਦੀ ਕਹਾਣੀ ਸੁਣਾਈ
ਫਿਰ ਇੱਕ ਦਿਨ ਸਵੇਰੇ ਸਵੱਖਤੇ
ਸੂਰਜ ਨੇ ਆਪਣੀਆਂ ਦੋ ਕਿਰਨਾਂ
ਮੇਰੇ ਵੱਲ ਸੁੱਟੀਆਂ
ਮੈਂ ਆਪਣੇ ਹੱਥ ਵਿਚ ਕਲਮ ਫੜ ਲਈ,
ਤੇ ਇਕ ਲਫ਼ਜ਼ ਲਿਖਿਆ
ਧੀਮਾ ਸ਼ਬਦ ਸੀ ਉਹ
ਪਰ ਹਵਾ ਲੱਗਦੇ ਹੀ ਦੀਵੇ ਵਾਂਗ
ਲੋਅ ਦੇਣ ਲੱਗਾ
ਉਹੀ ਲਾਟ ਮੇਰੇ ਕੰਮ ਆਈ।
ਮੈਂ ਹਨ੍ਹੇਰੇ ਦਾ ਤੰਬੂ ਸਾੜ ਸੁੱਟਿਆ
ਹੁਣ ਕੀ ਹੈ?
ਮੈਂ ਘਰ ਦੀ ਸਰਦਲ ਤੇ ਬੈਠੀ
ਸੱਤ ਅਸਮਾਨ ਵੇਖ ਸਕਦੀ ਹਾਂ
ਸੂਰਜ ਖ਼ੁਦ ਮੈਨੂੰ ਪਛਾਣਦਾ ਹੈ
ਮੈਂ ਸਾਰੇ ਜ਼ਹਾਨ ਨੂੰ ਜਾਣਦੀ ਹਾਂ।
ਜਹਾਨ ਕੀ, ਮੈਂ
ਅਗਲੇ ਜਹਾਨ ਨੂੰ ਵੀ ਜਾਣਦੀ ਹਾਂ।
ਇਸ ਜਹਾਨ ਲਈ
ਮੇਰਾ ਇੱਕ ਸੁਪਨਾ ਵੀ ਹੈ
ਸੁੱਖ-ਸ਼ਾਂਤੀ, ਅਮਨ ਤੇ
ਬਹੁਤ ਸਾਰਾ ਇਲਮ
ਮੇਰਾ ਤੇ ਉਹਨਾਂ ਸਾਰਿਆਂ ਦਾ ਸੁਪਨਾ
ਜੋ ਲਫ਼ਜ਼ ਦੀ ਲਾਟ ਦੇ ਨਾਲ
ਹਨ੍ਹੇਰੇ ਦਾ ਤੰਬੂ ਸਾੜ ਕੇ
ਸੂਰਜ ਨੂੰ ਵੀ ਆਪਣੇ ਵੱਲ ਕਰ ਸਕਣ।

•••

# .ਗ਼ਜ਼ਲਾਂ / ਜ਼.ਫ਼ਰ ਇਕਬਾਲ

1.

ਚੁੱਪ ਚਾਣ ਸੀ ਬਾਹਰ ਜੋ ਅੰਦਰ ਹੋਈ ਉਲੱਥ-ਪੁਲੱਥ।
ਦਿੱਤਾ ਅਸੀਂ ਮਦਾਨ ਤੇ ਤੂੰ ਵੀ ਬਹੁਤ ਭਜਾਏ ਰੱਥ।

ਹਾਸੇ ਰਹੇ ਵੰਡੀਂਦੇ ਮੂੰਹੋਂ ਮੂੰਹ ਤੇ ਹੱਥੋ ਹੱਥ,
ਓਥੇ ਪੈਂਡਾ ਕੱਢਿਆ ਜਿੱਥੇ ਕੋਈ ਪੱਗ ਨਾ ਪੱਥ।

ਹੁੰਦੇ ਰਹੇ ਟਕਰਾ ਤੇ ਕਿਧਰੇ ਕੀਤੀ ਗੱਲ ਨਾ ਕੱਥ,
ਬੀਬਾ ਰਾਣਾ ਬਣਿਆ, ਕੁਝ ਦਿਨ ਸਾਡੇ ਜਿਹਾ ਉਲੱਥ।

ਬਣਦੀ ਕੋਈ ਸੀਹਾਪ ਤੇ ਜਾਂਦੇ ਛੇਤੀ ਮਗਰੋਂ ਲੱਥ,
ਨੱਕ ਵਢਾਉਣ ਤੁਰ ਪਿਓਂ ਜਦੋਂ ਅਸਾਂ ਘੜਾਈ ਨੱਥ।

**(ਪੰਚਮ ਲਾਹੌਰ)**

2.

ਕਿੱਥੇ ਹੋਈਆਂ, ਕਿੱਧਰ ਗਈਆਂ ਭਰਨੀਆਂ।
ਵੇਖੀ ਜਾਵਾਂ, ਵਾਹ ਮੌਲਾ ਦੀਆਂ ਕਰਨੀਆਂ।

ਸੱਧਰਾਂ ਬੁੱਢੀਆਂ ਹੋ ਗਈਆਂ ਘਰ ਬੈਠੀਆਂ,
ਨਾ ਇਹ ਮੰਗੀਆਂ, ਨਾ ਕਿਤੇ ਪਰਨੀਆਂ।

ਕੰਢਿਆਂ ਉੱਤੇ ਬੈਠੇ ਈ ਰਹਿ ਜਾਂਗੇ,
ਡੁੱਬੀਆਂ ਹੋਈਆਂ ਬੇੜੀਆਂ ਕਿੱਥੇ ਤਰਨੀਆਂ।

ਓੜਕ ਦੁਸ਼ਮਣ ਬਣ ਕੇ ਸਾਹਵੇਂ ਆਵਸੀ,
ਅੱਖਾਂ ਜਿਸ ਨੂੰ ਵੇਖ ਵੇਖ ਕੇ ਠਰਨੀਆਂ।

ਅਜੇ ਪਈ ਏ ਉਮਰਾ ਸਾਰੀ ਸਾਹਮਣੇ,
ਅਜੇ ਹੋਰ ਵੀ ਲੱਖ ਰਾਤਾਂ ਜਰਨੀਆਂ।

ਕਦੀ ਪਛਾਣੋ, ਪਰਖੋ, ਸਾਡਾ ਜੀਵਣਾ,
ਵੇਖੋ ਆਣ ਕਦੇ ਤੇ ਸਾਡੀਆਂ ਪਰਨੀਆਂ।

ਹੋਠ ਵੀ ਸਨ ਉਹ ਨਿੰਮ੍ਹਾ ਨਿੰਮ੍ਹਾ ਫਰਕਦੇ,
ਅੱਖਾਂ ਸਨ ਜਾਂ ਡਰੀਆਂ ਹੋਈਆਂ ਹਰਨੀਆਂ।



ਅਜੇ ਤੇ ਸਾਰਾ ਕੰਮ ਵੀ ਉਵੇਂ ਪਿਆ ਸੀ,
ਅਜੇ ਕਈ ਹਿਜਰਾਂ ਦੀਆਂ ਫਸਲਾਂ ਚਰਨੀਆਂ।

ਓਸ ਦੀਆਂ ਥੋੜਾਂ ਨੇ ਮਾਰਿਆ 'ਜ਼ਫ਼ਰ' ਨੂੰ,
ਓਹ ਜੇ ਨਹੀਂ ਤੇ ਸਾਡੀਆਂ ਕਿੱਥੇ ਸਰਨੀਆਂ।

**(ਪੰਚਮ, ਲਾਹੌਰ)**

3.

ਕਾਲਖ਼ ਸਾਰੀ ਰੁੱਤ ਦੀ, ਨਜ਼ਰਾਂ ਵਿਚ ਪਰੋ ਕੇ।
ਵੇਖਾਂ ਚੜ੍ਹਦੇ ਚੰਨ ਨੂੰ ਸ਼ਹਿਰੋਂ ਬਾਹਰ ਖਲੋ ਕੇ।

ਅੰਦਰ ਬਾਹਰ ਸ਼ੂਕਦੀ ਗੁੱਝੀ ਭੀੜ ਇਕੱਲ ਦੀ,
ਲੱਭਾਂ ਆਪਣੇ ਆਪ ਨੂੰ ਭੀੜਾਂ ਵਿਚ ਖਲੋ ਕੇ।

ਚਾਰੇ ਪਾਸੇ ਰਹਿ ਗਿਆ, ਮੈਲਾ ਪਾਣੀ ਹੜ੍ਹ ਦਾ,
ਹੱਸਾਂ ਕੀਹਦੇ ਸਾਹਮਣੇ, ਦੱਸਾਂ ਕੀਹਨੂੰ ਰੋ ਕੇ।

ਸ਼ੋਰ ਪੁਰਾਣੇ ਸ਼ਹਿਰ ਦਾ, ਪੁੱਜਿਆ ਜੰਗਲ ਤੀਕ,
ਵਾਪਸ ਗਏ ਗੁਨਾਹ ਦਾ, ਭਾਰ ਸਿਰਾਂ ਤੇ ਢੋ ਕੇ।

ਟੱਕਰ ਮਾਰਨ ਲਈ 'ਜ਼ਫ਼ਰ' ਪੈ ਗਈ ਕੰਧ ਉਸਾਰਨੀ,
ਸਾਵੇ ਪੀਲੇ ਲਹੂ ਵਿਚ, ਕਾਲ਼ੀ ਮਿੱਟੀ ਗੋ ਕੇ।

**(ਵਰ੍ਹੇ ਵਾਰ ਸਾਹਿਤ 1998)**

4.

ਆਪੇ ਬਾਰੀ ਅੱਗੇ ਦਿਲ ਦੇ, ਦੁੱਖੜੇ ਫੋਲਾਂ।
ਪਰ ਜੇ ਕੋਈ ਪੁੱਛ ਖਲੋਵੇ, ਵੱਖੀਂ ਵਿਚੋਂ ਬੋਲਾਂ।

ਅੱਧੀ ਰਾਤ ਹਨ੍ਹੇਰੀ ਆਵੇ ਲੋਕੀਂ ਸੁੱਤੇ ਰਹਿਣ,
ਮੈਂ ਬੂਹੇ ਵਿਚ ਟੰਗੀ ਹੋਈ ਬੱਤੀ ਵਾਂਗੂੰ ਡੋਲਾਂ।

ਚਾਰ ਚੁਫ਼ੇਰੇ ਚੜ੍ਹੇ ਚੰਨ ਦੀ, ਚਿੱਟੀ ਚਾਦਰ ਚਮਕੇ,
ਮੈਂ ਕਾਲਖ਼ ਦਾ ਭਰਿਆ ਭਾਂਡਾ ਕਿੱਥੇ ਜਾ ਕੇ ਡੋਲ੍ਹਾਂ।

ਨਾ ਕੋਈ ਸੁਣਦਾ ਹੋਵੇ, ਨਾ ਕੋਈ ਸੁਣ ਕੇ ਹੱਸਦਾ ਹੋਵੇ,
ਆਪਣੇ ਅੱਗੇ ਬਹਿ ਕੇ ਗੱਲਾਂ ਵਾਲੀ ਗੰਢੜੀ ਖੋਲ੍ਹਾਂ।

**(ਹਰੇ ਹਨ੍ਹੇਰੇ ਵਿਚੋਂ)**

## ਗ਼ਜ਼ਲਾਂ / ਮਸਊਦ ਅਹਿਮਦ ਚੌਧਰੀ

1.

ਹਵਾ ਦੇ ਹੋਠ ਤੇ ਚੇਤਰ ਤੇ ਤਜ਼ਕਰੇ ਹੋਵਣ।
ਪਲਕ ਦੀ ਸ਼ਾਖ਼ ਤੇ ਜ਼ਖ਼ਮਾਂ ਦੇ ਫੁੱਲ ਖਿੜੇ ਹੋਵਣ।

ਕਿਵੇਂ ਨਾ ਉਹਨਾਂ ਦੀ ਸਰਦਲ ਤੇ ਚਾਨਣੇ ਹੋਵਣ,
ਚਿਰਾਗ਼ ਬਣ ਕੇ ਹਨ੍ਹੇਰੇ 'ਚ ਜੋ ਜਗੇ ਹੋਵਣ।

ਜੇ ਆਰਜ਼ੂ ਨਾ ਮਿਲਣ ਦੀ ਦਿਲਾਂ ਦੇ ਵਿਚ ਪੁੰਗਰੇ,
ਕਦਮ ਕਦਮ ਤੇ ਕਦੂਰਤ ਦੇ ਫ਼ਾਸਲੇ ਹੋਵਣ।

ਗੁਜ਼ਰ ਗਿਆ ਖੁੱਲੀ ਬਾਰੀ ਦੇ ਕੋਲ ਹੀ ਸੂਰਜ,
ਖ਼ੁਦਾ ਕਰੇ ਕਿ ਨਾ ਤਿਤਲੀ ਦੇ ਪਰ ਕਾਲੇ ਹੋਵਣ।

ਕੋਈ ਤੇ ਮੈਨੂੰ ਦੁਆਵਾਂ 'ਚ ਯਾਦ ਰੱਖਦਾ ਏ,
ਪਹਾੜ ਗ਼ਮ ਦੇ ਮਿਰੇ ਸਿਰ ਤੋਂ ਜੋ ਟਲੇ ਹੋਵਣ।

ਪਰਾਂ ਨੂੰ ਲੈ ਕੇ ਉਹ ਅੰਬਰਾਂ ਨੂੰ ਉੱਡਦੀਆਂ ਜੱਗ ਤੇ,
ਜਦੋਂ ਸਰੀਰ 'ਚ ਚਿੜੀਆਂ ਦੇ ਹੌਸਲੇ ਹੋਵਣ।

ਇਹ ਕੌਣ ਨੇਜ਼ੇ ਤੇ ਫੁੱਲ ਬਣ ਕੇ ਖਿੜਿਆ ਏ 'ਮਸਊਦ',
ਕਿ ਜਿਸ ਦੇ ਜ਼ਿਕਰ ਥੀਂ ਰਸਤੇ ਮਹਿਕ ਉੱਠੇ ਹੋਵਣ।

2.

ਆਪਣੇ ਸਿਰਾਂ ਨੂੰ ਦੇ ਕੇ ਕਰਜ਼ੇ ਉਤਾਰਦੇ।
ਆਉਂਦੀ ਭਲਕ ਨੂੰ ਦੇਣਗੇ ਤੁਹਫ਼ੇ ਬਹਾਰ ਦੇ।

ਧਰਤੀ ਪੁਕਾਰਦੀ ਕਦੀ ਅੰਬਰ ਪੁਕਾਰਦੇ,
ਆਪਣੇ ਲਹੂ ਦੇ ਨਾਲ ਜੋ ਗੁਲਸ਼ਨ ਨਿਖਾਰਦੇ।

ਸੱਚ ਦੀ ਅਜ਼ਾਨ ਬਣ ਗਏ ਪੱਥਰਾਂ ਤੇ ਜੋ ਨਗਰ,
ਧਰਤੀ ਨੂੰ ਉਹ ਕਦੇ ਵੀ ਨਾ ਮਨ 'ਚੋਂ ਵਿਸਾਰਦੇ।

ਜਿਸ ਨੇ ਖਿੜਾਇਆ ਮੋਤੀਆ ਕਰਬਲ ਦੀ ਖ਼ਾਕ 'ਤੇ,
ਮੈਨੂੰ ਵੀ ਉਸ ਦੇ ਇਸ਼ਕ ਦਾ ਕਿਣਕਾ ਹੁਦਾਰ ਦੇ।

ਜਾਵਣ ਘਰਾਂ ਨੂੰ ਪਰਤ ਕੇ ਇਹ ਵੀ ਖ਼ੁਸ਼ੀ ਖ਼ੁਸ਼ੀ,
ਭੋਰਾ ਕੁ ਪੰਛੀਆਂ ਨੂੰ ਵੀ ਚੋਗਾ ਖਿਲਾਰ ਦੇ।

ਉਹਨਾਂ ਨੂੰ ਵੇਲ਼ਾ ਦੇਂਦਾ ਏ ਓੜਕ ਸਲਾਮੀਆਂ,
ਪੱਕੇ ਨੇ ਜਿਹੜੇ ਕੌਲ ਦੇ, ਸੁੱਚੇ ਵਿਹਾਰ ਦੇ।

ਮਹਿਰਮ ਦਿਲੇ ਦੀ ਕੋਈ ਤੇ 'ਮਸਊਦ' ਮਿਲ ਪਵੇ,
ਦਿਲ ਦੀ ਰੜੀ ਜ਼ਮੀਨ ਨੂੰ ਜਿਹੜਾ ਨਿਖ਼ਾਰ ਦੇ।



## ਸਰਹਾਲ ਕਾਜ਼ੀਆਂ (ਪਿਛਲਾ ਪਿੰਡ) / ਮਜ਼ਹਰ ਤਿਰਮਜ਼ੀ

ਮੋਇਆਂ ਦੀ ਇਸ ਢੇਰੀ ਤੋਂ
ਮੈਂ ਕੀ ਲੱਭਣ ਆਇਆ
ਖੋਲਿਆਂ ਅੰਦਰ ਚੁੱਪ ਉੱਗਦੀ ਏ
ਅੱਧੀ ਸਦੀ ਤੋਂ ਮੀਂਹ ਵਰ੍ਹਦਾ ਏ
ਢੱਠੀ ਰਸੋਈ ਤੇ
ਚੰਨ ਤਾਂ ਅਜੇ ਵੀ ਚੜ੍ਹਦਾ ਏ ਉਸ ਬਸਤੀ ਤੇ
ਕਾਂਗ ਅਜੇ ਵੀ ਬੋਲਦਾ ਏ ਕਿਸੇ ਬੰਨੇ ਬਹਿ ਕੇ
ਭਾਵੇਂ ਗਈਆਂ ਨੇ ਮੁੜਨਾ ਨਹੀਂ।

ਉਹਦਾ ਚਿੱਤ ਏ ਸਭ ਕੁਝ ਪਹਿਲਾਂ ਵਰਗਾ ਹੋਵੇ
'ਭਗਤੇ ਦੱਸਿਆ' ਸੁਪਨੇ ਵਰਗੀ ਗੱਲ ਲੱਗਦੀ ਏ
ਅਜੇ ਕੱਲ ਤਾਂ ਤੁਹਾਡੇ ਬਾਬੇ ਸਾਰੇ ਐਥੇ ਸਨ
ਤਖ਼ੀਏ ਵਾਲੇ ਘਰ ਦੀ ਛੱਤ ਤੋਂ ਨੌਬਤ ਵੱਜਣੀ
'ਸੀਨੇ' ਮਰਾਸੀ ਅਲਾਹੁਣੀ ਕਹਿਣੀ
ਬਾਬੇ ਅਬਾਸ ਦੇ ਅਲਮ ਤੇ
ਆਣ ਕਬੂਤਰਾਂ ਬਹਿਣਾ
ਸਭਨਾਂ 'ਬਾਲੇ' ਪੀਰ ਨੂੰ
ਆ ਕੇ ਦੁੱਖ ਅੰਦਰ ਦਾ ਕਹਿਣਾ
ਬਿਜੜਿਆਂ ਆਹਲਣੇ ਪਾ ਲਏ ਨੇ
ਤੇਰੇ ਕਮਰੇ ਦੀ ਛੱਤ ਹੇਠਾਂ
ਅੱਕ ਉੱਗੇ ਨੇ ਤੇਰੇ ਵਿਹੜੇ ਅੰਦਰ ਮਾਏ।
ਇੱਕ ਥਾਂ ਕੋੜੀ ਲੱਗੀ ਏ ਖਾਲੀ ਚਟੋਰਿਆਂ ਦੀ
ਪਿਛਲੇ ਵਰ੍ਹੇ ਉਹ
ਪਾਗਲ ਬਾਹਮਣੀ ਵੀ ਮਰ ਗਈ
ਆਪਣੇ ਭਾਣੇ ਰਾਖੀ ਕਰਨ ਲਈ
ਬੈਠੀ ਸੀ ਜੋ ਖੋਲਿਆਂ ਦੀ
ਸ਼ਾਹਾਂ ਦੇ ਪ੍ਰਛਾਵੇਂ ਟੁਰਦੇ ਵੇਂਦੀ ਸੀ ਹਰ ਪਾਸੇ।

ਇਹ ਗੁੱਗਲ ਦੀ ਖ਼ੁਸ਼ਬੋ ਕਿੱਥੋਂ ਆਈ ਏ?
ਘਿਓ ਦੇ ਦੀਵੇ ਬਲਦੇ ਨੇ
ਪਾਗਲ ਬਾਹਮਣੀ ਦੀ ਆਵਾਜ਼ ਹਵਾ ਨਾਲ
ਡਿਗਦੀ ਢਹਿੰਦੀ
ਮੇਰੇ ਪੈਰੀਂ ਆ ਡਿੱਗਦੀ ਏ
"ਮੁੜ ਆਏ ਨੇ ਸ਼ਾਹ ਮੇਰੇ।"

(ਕਾਇਆ ਕਾਗਦੁ ਵਿਚੋਂ)

## ਧੰਮੀ ਦਾ ਗੀਤ / ਮਜ਼ਹਰ ਤਿਰਮਜ਼ੀ

ਸਾਜਰੇ ਸਾਜਰੇ ਚੁਗ ਲੈ ਚਿੜੀਏ ਚੂਕਦੀਏ
ਦਿਨ ਐਵੇਂ ਮੁੱਕ ਜਾਣਾ।

ਆਹਲਣਿਆਂ ਵਿਚ ਬੋਟ ਨਾ ਰਹਿਣੇ
ਝੁੱਲੀਆਂ ਜਦੋਂ ਹਵਾਵਾਂ।

ਮਾਏ ਨੀ ਪ੍ਰਛਾਵੇਂ ਨੱਚਣ,
ਹੁਣ ਕਿਸ ਵਿਹੜੇ ਆਵਣਾ।

ਕੀੜੀਏ ਤੇਰਾ ਆਟਾ ਡੁੱਲ੍ਹਾ
ਲੰਮਾ ਤੇਰਾ ਲਾਣਾ
ਦੂਰ ਰਾਂਝਣ ਦਾ ਠਾਣਾ।

(ਕਾਇਆ ਕਾਗਦੁ)

## ਗ਼ਜ਼ਲਾਂ / ਅਬਦੁਲ ਕਰੀਮ ਕੁਦਸੀ

1.

ਜਦੋਂ ਗੁਲਾਮੀ 'ਚ ਪਿਸਦੇ ਹੋਏ ਬਗਾਵਤਾਂ ਤੇ ਅਵਾਮ ਉਤਰੇ।
ਫਲਕ ਦੇ ਉੱਤੋਂ, ਖ਼ੁਦਾ ਦੇ ਵਲੋਂ ਆਜ਼ਾਦੀਆਂ ਦੇ ਪਿਆਮ ਉਤਰੇ।

ਤੇਰੇ ਸਿਵਾ ਕੋਈ ਦਿਲ ਦੇ ਕਮਰੇ 'ਚ ਹੋਰ ਸੱਦਾਂ ਤੇ ਮੌਤ ਸੱਦਾਂ।
ਬਗੈਰ ਤੇਰੇ ਜੇ ਕੋਈ ਲਕਮਾ ਗਲੇ ਥੀਂ ਉਤਰੇ ਹਰਾਮ ਉਤਰੇ।

ਇਹ ਸਬਜ਼ੇ ਸਬਜ਼ੇ ਤੇ ਸੁਰਖ਼ੀ ਸੁਰਖ਼ੀ ਤਰੇਲ ਦਾ ਰੰਗ ਫਿੱਕਾ ਫਿੱਕਾ,
ਕਦੀ ਨਿਕਰਮੀ ਜ਼ਮੀਨ ਉੱਤੇ ਵੀ ਮੌਸਮਾਂ ਦਾ ਸਲਾਮ ਉਤਰੇ।

ਪਸੀਨਾ ਆ ਆ ਕੇ ਖੁਸ਼ਕ ਹੋਇਆ, ਨਾ ਕੋਈ ਉਜਰਤ ਨਾ ਕੋਈ ਸੂਰਤ,
ਖ਼ੁਦਾਇਆ! ਜੱਗ ਦੇ ਖ਼ੁਦਾਵਾਂ ਉੱਤੇ, ਮੁਆਵਜ਼ੇ ਦਾ ਇਲਹਾਮ ਉਤਰੇ।

ਵਿਛਾ ਖ਼ਿਆਲਾਂ ਦੀ ਸਫ਼ ਖਲੋਤੇ, ਨੇ ਹੰਝੂ ਸਾਰੇ ਕਤਾਰ ਬੰਨ੍ਹੀ,
ਉਡੀਕਦੇ ਨੇ ਪਏ ਨਿਮਾਣੇ ਕਿਤੋਂ ਤੇ ਸਾਡਾ ਇਮਾਮ ਉਤਰੇ।

ਮੇਰੇ ਖ਼ਿਆਲਾਂ ਦਾ ਵਜ਼ਨ ਕਾਹਦਾ, ਮੈਂ ਡਾਢਾ ਹੌਲਾਂ ਮੁਕੱਦਰਾਂ ਦਾ,
ਸਵੇਰ ਵੇਲ਼ੇ ਵੀ ਮੇਰੇ ਵਿਹੜੇ, ਗ਼ਮਾਂ ਤੇ ਫ਼ਿਕਰਾਂ ਦੀ ਸ਼ਾਮ ਉਤਰੇ।

ਹਕੀਕਤਾਂ ਦੀ ਹਰ ਇਕ ਰੁਬਾਈ, ਦਾ ਨੈਣ ਨਕਸ਼ਾ ਵਿਗੜ ਗਿਆ ਏ,
ਮਨਾਫਕਤ ਦਾ ਮਿਜਾਜ਼ ਬਦਲੇ, ਜੇ ਕੋਈ ਉਮਰ ਖਿਆਮ ਉਤਰੇ।

ਮੈਂ ਸੁਣਿਆਂ, ਧਰਤੀ ਦੇ ਸਾਰੇ ਨਕਸ਼ੇ ਦੁਬਾਰਾ 'ਕੁਦਸੀ' ਉਲੀਕੇ ਜਾਣੇ,
ਜਦੋਂ ਜ਼ਮਾਨੇ ਦੀ ਹਿੱਕ ਉੱਤੇ, ਆਜ਼ਾਦ ਹੋ ਕੇ ਗੁਲਾਮ ਉਤਰੇ।

2.

ਜਦ ਵੀ ਖ਼ੁਦਗਰਜ਼ੀ ਦੇ ਵੱਲੇ, ਸਾਡੇ ਜ਼ਿਹਨ ਕਰੀਬ ਹੋਏ।
ਸੋਚਾਂ ਦੀ ਤਸਬੀ ਦੇ ਸਾਰੇ ਦਾਣੇ ਬੇ ਤਰਤੀਬ ਹੋਏ।

ਆਪਣੀ ਧਰਤੀ ਦਾ ਹੱਕ ਮਾਰ ਕੇ ਪੂਰੀ ਕਿੱਥੋਂ ਪੈਣੀ ਸੀ,
ਇਮਦਾਦਾਂ ਲੈ ਲੈ ਕੇ ਦੂਜਿਆਂ ਕੋਲੋਂ ਹੋਰ ਗਰੀਬ ਹੋਏ।

ਜੀਭਾਂ ਨਾਲ ਯਰਾਨੇ ਪਾ ਕੇ, ਜੇਬਾਂ ਖਾਲੀ ਕਰ ਬੈਠੇ,
ਸਾਡੇ ਜੂਠਾ ਖਾਵਣ ਵਾਲੇ, ਸਾਡੇ ਅੱਜ ਰਕੀਬ ਹੋਏ।

ਕੰਮਾਂ ਤੋਂ ਘਰ ਜਾਵਣ ਅੱਧੀ ਰਾਤ ਨੂੰ ਸੱਖਣੀ ਝੋਲੀ ਨਾਲ,
ਸਾਡੇ ਅਹਿਦ ਦੇ ਬੱਚਿਆਂ ਲਈ ਵੀ ਮਾਪੇ ਬੜੇ ਅਜੀਬ ਹੋਏ।



ਗਿੱਲੀਆਂ ਗਿੱਲੀਆਂ ਪਾਥੀਆਂ ਉੱਤੇ ਸੁੱਕੀਆਂ ਸੁੱਕੀਆਂ ਉਂਗਲਾਂ ਨਾਲ,
ਸ਼ਾਮ ਸਵੇਰੇ ਮੋਹਰਾਂ ਲਾਂਦੇ ਜਾਂਦੇ ਅਸੀਂ ਗਰੀਬ ਹੋਏ।

ਥੱਕੇ ਟੁੱਟੇ ਹੋਈਏ ਸਾਨੂੰ, ਰੱਜ ਕੇ ਨੀਂਦਰ ਹੈ ਪੈਂਦੀ,
ਕਿੰਨੇ ਖ਼ੁਸ਼ ਹਾਂ, 'ਕੁਦਸੀ' ਸਾਡੇ ਉੱਚੇ ਬੜੇ ਨਸੀਬ ਹੋਏ।

## ਸਰਦ ਮਿਹਰੀ / ਅਮੀਨ ਮਲਕ

1.

ਤੇਰੇ ਪਿਆਰ ਦੇ ਪੈਰ ਮਧੋਲ ਦਿੱਤਾ।
ਤੇਰੇ ਸਾਂਝ ਸੁਭਾ ਨੇ ਮਾਰ ਦਿੱਤਾ।

ਕੁਝ ਖੰਭਾਂ ਦੀ ਘਾਟ ਸੀ ਕੋਲ ਸਾਡੇ,
ਕੁਝ ਬੇਰੁਖ਼ੀ ਹਵਾ ਨੇ ਮਾਰ ਦਿੱਤਾ।

ਤੇਰਾ ਨਾਂ ਨਹੀਂ ਲੈਣਾ ਅਦਾਲਤਾਂ ਵਿਚ,
ਕੀ ਕਵਾਂਗੇ ਕਿਹਨਾਂ ਨੇ ਮਾਰ ਦਿੱਤਾ।

ਟੁੱਟੇ ਤੀਰ ਤੇ ਜੰਡ ਪਏ ਦੱਸਦੇ ਨੇ,
ਕਿਹਨੂੰ ਕਿਹਦੇ ਭਰਾਵਾਂ ਨੇ ਮਾਰ ਦਿੱਤਾ।

ਕੁਝ ਤੇ ਅਸੀਂ ਵੀ ਭੁੱਖੇ ਜਮਾਂਦਰੂ ਸਾਂ,
ਕੁਝ ਪਿਆਰ ਦੇ ਭਾਅ ਨੇ ਮਾਰ ਦਿੱਤਾ।

ਕੁਝ ਤੇ ਅਸੀਂ ਮਦਹੋਸ਼ ਸਾਂ ਨੀਂਦ ਅੰਦਰ,
ਕੁਝ ਮੜੀਆਂ ਦੇ ਰਾਹ ਨੇ ਮਾਰ ਦਿੱਤਾ।

ਅੱਗੋ ਮੌਤ ਪਈ ਖਿੱਚਦੀ ਗੁੱਟ ਫੜ ਕੇ,
ਪਿਛੋਂ ਤੇਰੀ ਸਦਾ ਨੇ ਮਾਰ ਦਿੱਤਾ।

ਸਦਕੇ ਜਾਵਾਂ ਤਬੀਬ ਦੇ ਨੁਸਖਿਆਂ ਦੇ,
ਸਾਨੂੰ ਜਿਹਦੀ ਦਵਾ ਨੇ ਮਾਰ ਦਿੱਤਾ।

ਸ਼ਿਕਵਾ ਕੋਈ ਸ਼ਿਕਾਇਤ 'ਅਮੀਨ' ਨਾ ਕਰ,
ਸਾਨੂੰ ਮਹਿੰਗੇ ਜਹੇ ਚਾਅ ਨੇ ਮਾਰ ਦਿੱਤਾ।

(ਬੋਲਦੇ ਅੱਥਰੂ ਵਿਚੋਂ)

## ਜੁਦਾਈ / ਅਮੀਨ ਮਲਕ

2.

ਮੈਂ ਜਦੋਂ ਵੀ ਰੁੱਖਾਂ ਨਾਲ ਰੁੱਸ ਆਇਆ।
ਦੂਰ ਤੀਕ ਫਿਰ ਛਾਂ ਮਨਾਉਣ ਆਈ।

ਧਰਤੀ ਵੰਡ ਕੇ ਆਪਣੀ ਜਦੋਂ ਤੁਰਿਆ,
ਮੱਥਾ ਚੁੰਮ ਕੇ ਮਾਂ ਸਮਝਾਉਣ ਆਈ।

ਹੱਥ ਸੀਨੇ ਤੇ ਰੱਖ ਕੇ ਵੇਖਦੀ ਰਹੀ,
ਮੈਂ ਨਾ ਵੇਖੀ ਕੋਈ ਪੀੜ ਵਿਖਾਉਣ ਆਈ।

ਕਿੰਨਿਆਂ ਪੁੱਤਾਂ ਨੂੰ ਪਾਪੀ ਪ੍ਰਦੇਸ ਖਾ ਗਏ,
ਸਦਕੇ ਜਾਵਾਂ ਅੱਜ ਮਮਤਾ ਰੋਣ ਆਈ।

ਆ ਜਾ ਮਾਂ ਦੀ ਅੱਖ ਦੇ ਵਿਚ ਬਹਿ ਜਾ,
ਵੇ ਉੱਠ ਜਾਣਿਆਂ ਅੱਜ ਬਿਠਾਉਣ ਆਈ।

ਮੇਰੀ ਗੋਦ ਵਿਚ ਅੱਜ ਵੀ ਨਿੱਘ ਤੇਰਾ,
ਤੈਨੂੰ ਅੱਜ ਵੀ ਲੋਰੀ ਸੁਣਾਉਣ ਆਈ।

ਮੇਰਾ ਦੇਸ਼ ਪਰਾਏ ਨਾ ਖ਼ਾਬ ਵੇਖੀਂ,
ਲੋਕ ਪੁੱਛਣਗੇ ਤੇਰੀ ਇਹ ਕੌਣ ਆਈ।

ਮੇਰੀ ਦੁੱਧ ਤੇ ਬਲੇਗੀ ਉਮਰ ਸਾਰੀ,
ਤੂੰ ਨਾ ਸੜੀਂ ਮੈਂ ਮੀਂਹ ਵਰ੍ਹਾਉਣ ਆਈ।

ਆਟੇ ਵਾਸਤੇ ਪੁੱਤ ਨੂੰ ਜੁਦਾ ਕਰਕੇ,
ਗ਼ਮ ਦੀ ਚੱਕੀ ਮੈਂ ਉਮਰ ਭਰ ਝੋਣ ਆਈ।

'ਵਾਜਾਂ ਮਾਰੀਂ ਨਾ ਮੁੜੇਂਗਾ ਜਦੋਂ ਵਤਨੀਂ,
ਕਿਵੇਂ ਜਾਗਾਂਗੀ ਕਬਰੀਂ ਜੇ ਸੌਣ ਆਈ।

ਇਹ ਤੇ ਸਾਡੇ ਨਸੀਬਾਂ ਦੀ ਦਾਸਤਾਂ ਹੈ,
ਹੋਣੀ ਹੋਣੀ ਸੀ ਹੋਣੀ ਅੱਜ ਹੋਣ ਆਈ। •••

## ਕਾਫੀ/ ਜਾਵੇਦ ਜ਼ੱਕੀ

1.

ਓ ਮੁੱਲਾਂ ਤੇਰੇ ਕਾਰ ਅਵੱਲੇ
ਸਭ ਨੂੰ ਕਾਫਰ ਕਾਫਰ ਬੋਲੇਂ
ਕੀ ਜਾਣਾ ਈ ਜੰਨਤ ਇਕੱਲੇ
ਹੱਥ ਵਿਚ ਤਸਬੀ ਫੜਕੇ ਖ਼ੌਰੇ ਕੀ ਤੂੰ ਕਿਣ ਮਿਣ ਬੋਲੇਂ
ਜੇ ਕੋਈ ਇਲਮ ਸਵਾਲ ਕਰੇ ਤੇ ਅੱਗੋਂ ਮਿਣਮਿਣ ਬੋਲੇਂ।
ਉੱਚੀਆਂ ਉੱਚੀਆਂ ਬਾਂਗਾਂ ਦੇ ਬਿਨ ਹੈ ਕੀ ਤੇਰੇ ਪੱਲੇ
ਓ ਮੁੱਲਾਂ ਤੇਰੇ ਕਾਰ ਅਵੱਲੇ।

ਚਿੱਟੇ ਜਾਮੇ ਪਾ ਕੇ ਮੂਰਖ ਆਕੜ ਆਕੜ ਚੱਲੇਂ,
ਅੰਦਰ ਮਲ ਮਲ ਧੋਵੇ ਨਾਂ ਤੇ ਨਿੱਤ ਮੁਸੱਲਾ ਮੱਲੇਂ
ਜੇ ਨਾ ਲਾਹਸੇ ਦਿਲ ਦੀ ਕਾਲਖ਼ ਜਾਸੇਂ ਦੋਜ਼ਖ਼ ਵੱਲੇ
ਓ ਮੁੱਲਾਂ ਤੇਰੇ ਕਾਰ ਅਵੱਲੇ।

ਲੱਖ ਨਿਮਾਜ਼ਾਂ ਕੋਲੋਂ ਵੱਧ ਕੇ ਚਾਹਨ ਅਮਲ ਰਬਾਨਾਂ,
ਭਾਵੇਂ ਦੁਨੀਆ ਕਾਫਰ ਬੋਲੇ, ਏਹੋ ਸਬਕ ਪੜ੍ਹਾਣਾ,
ਪਿਆਰ ਨੂੰ ਮੁੱਲਾਂ ਦੂਰਕੇ, ਕਾਹਨੂੰ ਪਿਆਰ ਥੀ ਕੰਮ ਸਵੱਲੇ
ਓ ਮੁੱਲਾਂ ਤੇਰੇ ਕਾਰ ਅਵੱਲੇ।

●●●

## ਅੱਖੀਂ ਬੰਦ ਕਰੋ ਨਾ ਲੋਕੋਂ/ ਜਾਵੇਦ ਜ਼ੱਕੀ

2.

ਅੱਖੀਂ ਬੰਦ ਕਰੋ ਨਾ ਲੋਕੋ
ਅੰਨ੍ਹੇ ਥੀਸੋ
ਅੱਖੀਂ ਕੱਜਲ ਪਾਓ
ਪੈਰੀਂ ਘੁੰਗਰੂ ਬੰਨ੍ਹੋ
ਹੱਥਾਂ ਵਿਚ ਹੱਥ ਪਾ ਕੇ
ਘੁੰਮਣ ਘੇਰੇ ਦੇ ਵਿਚ ਨੱਚੋ
ਧਰਤੀ ਕੁੱਟੋ, ਚੀਕਾਂ ਮਾਰੋ।
ਰੌਲਾ ਪਾਓ
ਸੁੱਤੇ ਲੋਕ ਜਗਾਓ
ਆਪਣੇ ਚਾਰ ਚੁਫੇਰੇ ਤੱਕੋ
ਰਾਹੀਂ ਰਾਹੀਂ ਖ਼ੂਨੀਂ ਛਿੱਟੇ
ਲਾਲ ਹਨ੍ਹੇਰੀ ਅੱਧ ਅਸਮਾਨੇ
ਕਿੰਨੇ ਨਿੱਗਰ ਨਿੱਗਰ ਜੁੱਸੇ
ਜ਼ੁਲਮ ਦੀ ਸੂਲੀ ਚੜ੍ਹਦੇ
ਵਿਚੋਂ ਰੋਂਦੇ ਉੱਤੋਂ ਹੱਸਦੇ
ਲੋਕੀਂ ਹੱਡ ਥੋੜ ਦਿਲੇ ਨੇ
ਲਹੂ ਨਹੀਂ ਦਿੰਦੇ
ਇੰਝ ਤੇ ਭੈੜਿਓ ਜ਼ੁਲਮ ਨਾ ਮੁਕਸੀ
ਗੱਲ ਨਾ ਬਣਸੀ
ਆਓ ਰਲ ਮਿਲ ਢੋਲੇ ਗਾਈਏ
ਮੋਢੇ ਮੋਢਾ ਲਾ ਕੇ
ਆਪਣਾ ਪੰਧ ਮੁਕਾਈਏ
ਜ਼ੁਲਮ ਦੇ ਸੀਨੇ ਲਾਂਬੂ ਲਾਈਏ।

(ਇਨਤਖ਼ਾਬ ਵਿਚੋਂ)

●●●



## ਕੁਝ ਦੁੱਲੇ ਮਿਰਜ਼ੇ ਲੋੜੀਦੇ / (ਸ਼ਾਰਬ ਅਨੁਸਾਰੀ)

ਜਿਹਨਾਂ ਹਵਾਲਾਟ ਵਿਚ
ਹੱਥਕੜੀਆਂ ਨਾ ਮਾਂਜੀਆਂ
ਜਿਹਨਾਂ ਜੇਲ੍ਹ ਨਾ ਵੱਟੇ ਵਾਣ
ਜਿਹਨਾਂ ਸੈਸ਼ਨ ਦਿਨੇ-ਦਿਹਾੜੇ
ਵੱਢੇ ਚੌਕ ਵਿਚ
ਨਾਲੇ ਮੁਖ਼ਬਰ ਮਾਰੇ
ਲੁਕੇ ਪਤਾਲੋਂ ਲੱਭ ਕੇ
ਜਿਹੜੇ ਰਣ ਵੱਲ ਟੁਰਦੇ
ਥੜਿਓਂ ਦੁੱਧ ਬਖਸ਼ਾ ਕੇ
ਜਿਹੜੇ ਬੱਕੀ ਦੇ ਅਸਵਾਰ,
ਬਹਾਦਰ ਬਾਰ ਦੇ
ਜਿਹਨਾਂ ਮਾਰਨ ਮਰਨ
ਮੁਕੱਦਰ ਮੁੜਨ ਮੁਹਾਲ ਏ
ਜਿਹੜੇ ਸੱਤ ਸਮੁੰਦਰ ਪਾਰ
ਉੜਾਵਣ ਅਸੈਂਬਲੀ
ਮੇਰੀ ਅੱਖ ਤਰਸ ਗਈ
ਉਹ ਜਵਾਨੀਆਂ ਲੱਭਦੀ
ਕਿਉਂ ਇਹਨਾਂ ਦਿਨਾਂ 'ਚ
ਫਿੱਟਿਆ ਖ਼ੂਨ ਫਰੀਦ ਦਾ
ਕਿਉਂ ਬੇ ਤਾਸੀਰਾ
ਪਾਣੀ ਧੀਆ ਝਨਾ ਦਾ
ਕਿਉਂ ਮੇਰੀ ਉਮਰੇ ਵੰਝਲ ਜਾਂਦਾ ਔਂਤਰਾ
ਕਿਓਂ ਰਾਵੀ ਰੁੱਠੀ ਰਾਠ ਰੰਗੀਲੇ ਪਾਲਣੋਂ
ਮੇਰੀ ਅੱਖ ਤਰਸ ਗਈ
ਉਹ ਜਵਾਨੀਆਂ ਲੱਭਦੀ
ਤੈਨੂੰ ਹਾੜਾ ਈ ਸਾਂਵਲ
ਬਾਰ 'ਚ ਜੱਟ ਜਣੀਦੀਏ
ਹੁਣ ਕੋਈ ਮਿਰਜ਼ਾ
ਕੋਈ ਦੁੱਲਾ ਵੀ ਜੰਮ ਦੇ।

(ਇਨਤਖਾਬ ਵਿਚੋਂ - 1983)

## ਧਮਾਲ / ਨਜ਼ਮ ਹੁਸੈਨ ਸੱਯਦ

ਅੱਜ ਭਿੱਟਿਆਂ ਨਾਲ ਨੱਚ
ਨੀ ਦਿਲ ਦੀਏ ਬਾਹਮਣੀਏ।
ਵੱਟ ਲੈ ਝੂਠ ਦਾ ਸੱਚ
ਨੀ ਦਿਲ ਦੀਏ ਬਾਹਮਣੀਏ।

ਭਿੱਟਿਆਂ ਨੂੰ ਲਿਬੜਣ ਦਾ ਡਰ,
ਧਾ ਸਮੁੰਦਰੀਂ ਥੀਏ ਸਮੁੰਦਰ,
ਥਲਾਂ ਦੇ ਅੰਦਰ ਚੜ੍ਹੀਆਂ ਹਾਠਾਂ,
ਸੁੱਕਣਾ ਈ ਤਾਂ ਬਚ
ਨੀ ਦਿਲ ਦੀਏ ਬਾਹਮਣੀਏ।

ਤੇਰ ਮੇਰ ਵਾਲੀ ਪਿਰਤ ਨਹੀਂ ਰਹਿਣੀ
ਭਿੱਟਿਆਂ ਭਿੱਟ ਖੁਦਾਈ ਦੇਣੀ
ਕਲ ਦੇ ਵੇਦ ਪੁਰਾਣ ਸਿਆਣੇ
ਅੱਜ ਨੇ ਕੀਤੇ ਖੱਚ
ਨੀ ਦਿਲ ਦੀਏ ਬਾਹਮਣੀਏ।

ਕੁੱਲੀਆਂ ਜੁੜੀਆਂ ਤਾਂ ਬਣ ਸੀ ਵਸਤੀ
ਜਿੱਥੇ ਪ੍ਰੀਤ ਹਵਾ ਜਹੀ ਸਸਤੀ
ਇਕੱਲ ਵਾਂਜੇ ਭੁਰਸੀ ਤੇਰਾ
ਧੌਲਰ ਚੂਨੇ ਗੱਚ
ਨੀ ਦਿਲ ਦੀਏ ਬਾਹਮਣੀਏ।

ਰੋਗ ਪੁਰਾਣੇ ਦਾਰੂ ਹੋ ਗਏ
ਦਾਰੂ ਪਿਛਲੇ ਮਾਰੂ ਹੋ ਗਏ
ਪਕ ਸਦੀਆਂ ਦੇ ਕਰਦੇ ਪੱਥਰ
ਗਾਲੇ ਤਰੁੱਬਨ ਕੱਚ
ਨੀ ਦਿਲ ਦੀਏ ਬਾਹਮਣੀਏ।

ਦੁੱਖ ਜਿਨ੍ਹਾਂ ਨੇ ਕੀਤੇ ਸਾਂਝੇ
ਅੱਗ ਉਨ੍ਹਾਂ ਦੀ ਜੱਗ ਨੂੰ ਮਾਂਝੇ
ਧੁਖਦਾ ਧੂੰ ਲਵਾ ਲੈ ਕਾਲਖ
ਪਿਛੋਂ ਪੌਸੀਆਂ ਮੱਚ
ਨੀ ਦਿਲ ਦੀਏ ਬਾਹਮਣੀਏ।

## ਭੌਂ - ਹੇਰਵਾ/ ਗੁਲਾਮ ਹੁਸੈਨ ਸਾਜਦ

ਪਰਛੱਤੀ ਤੇ ਰੱਖੇ ਭਾਂਡੇ
ਅੱਜ ਦੇ ਭਾਂਡਿਆਂ ਕੋਲੋਂ ਵੱਖਰੇ
ਗੁਜ਼ਰੀਆਂ ਨਸਲਾਂ, ਲੰਘੀਆਂ ਸਦੀਆਂ
ਦੇ ਫੱਟ ਇਹਨਾਂ ਜਾਲੇ
ਪਿੱਤਲ, ਕੈਹਾਂ, ਤਾਂਬੇ ਵਿਚੋਂ
ਉਘੜੇ ਕਰਮਾਂ ਵਾਲੇ।

ਮੈਂ ਆਂ ਫਾਈਬਰ ਦਾ ਬੰਦਾ
ਮੈਂ ਸ਼ੀਸ਼ੇ ਦਾ ਬਣਿਆ
ਮੇਰੀ ਦੁਨੀਆ ਸ਼ੀਸ਼ੇ ਦੀ
ਮੈਂ ਮਿੱਟੀ ਨੂੰ ਪਾਣੀ ਵਰਗਾ
ਪਤਲਾ ਕਰ ਕੇ ਡਿੱਠਾ
ਮੈਂ ਪਾਣੀ ਨੂੰ
ਕਾਗਜ਼ ਵਾਂਗੂੰ ਸੁੱਕਣੇ ਪਾਈ ਰੱਖਿਆ
ਮੈਂ ਧਰਤੀ ਨੂੰ ਚਾਰੇ ਬੰਨਿਓਂ
ਖ਼ੂਬ ਨਿਝਾ ਕੇ ਡਿੱਠਾ
ਮੈਂ ਅੰਬਰ ਦੀ ਵੈਬਸਾਈਟ ਨੂੰ
ਦਿਨ ਤੇ ਰਾਤੀਂ ਪੜ੍ਹਿਆ
ਮੁੜ ਵੀ ਖਾਰੇ ਚੜ੍ਹਿਆ,
ਮੈਨੂੰ ਰਤੀ ਰੂਪ ਨਾ ਚੜ੍ਹਿਆ

ਮੇਰੀ ਦੁਨੀਆ ਤੇ ਕਾਂਸੀ ਦੀ
ਦੁਨੀਆ ਵੱਖਰੀ ਵੱਖਰੀ
ਪਿੱਤਲ, ਕੈਹਾਂ, ਤਾਂਬੇ ਅੰਦਰ
ਜੋ ਕੁਝ ਰੱਖਿਆ ਜਾਵੇ
ਮੂਲੋਂ ਨਜ਼ਰ ਨਾ ਆਵੇ
ਇਹ ਸਭਨਾਂ ਦੇ ਪੜਦੇ ਰੱਖਦੇ
ਇਹ ਸਭਨਾਂ ਦਾ ਪੜਦਾ
ਸ਼ੀਸ਼ੇ ਵਿਚੋਂ ਦਿਸਣ
ਉਹਦੇ ਅੰਦਰ ਦੀਆਂ ਸਭ ਸ਼ੈਆਂ
ਸ਼ੈਆਂ ਅੰਦਰ ਲੁਕੀਆਂ ਹੋਈਆਂ
ਸ਼ੈਆਂ ਬਣੀਆਂ ਬਣੀਆਂ
ਜੇ ਹੋਵੇ ਨਾ ਮੁੜ ਹਿੱਕ ਵਾਰੀ
ਲੰਘਿਆ ਵੇਲਾ ਝਾਕਾਂ
ਅਰਸ਼ਾਂ ਦਾ ਪੰਧ ਵਿਚੇ ਛੱਡ ਕੇ
ਮੋੜਾਂ ਘਰ ਨੂੰ ਵਾਗਾਂ।

('ਬੇਲੇ ਵਿਚ ਚਿੜੀਆਂ' ਵਿਚੋਂ)

## ਗੀਤ / ਗੁਲਾਮ ਹੁਸੈਨ ਸਾਜਦ

ਆਂਦਰਾਂ 'ਚੋਂ ਨੀਂਦ ਉੱਗ ਪਈ
ਅੱਖਾਂ ਝੱਲ ਨਾ ਸਕੀਆਂ ਦੁੱਧ ਨੂੰ
ਕਿਹੜੇ ਪਾਸੇ ਹੁਣ ਠਿੱਲ੍ਹੀਏ
ਮੋਢੇ ਲਾ ਕੇ ਜਵਾਨੀ ਵਾਲੀ ਭੁੱਖ ਨੂੰ।

ਆਸੇ ਪਾਸੇ ਢੋਲ ਵੱਜਦੇ
ਕੋਈ ਵਾਹਰ ਚੜ੍ਹੀ ਸੰਗ ਵਾਲੀ
ਪੱਬਾਂ ਭਾਰ ਨੱਚਦੀ ਫਿਰੇ
ਰੁੱਤ ਮਿੱਠੜੇ ਗੁਲਾਬੀ ਰੰਗ ਵਾਲੀ
ਨਾੜਾਂ ਵਿਚ ਫੁੱਲ ਖਿੜਦੇ
ਗਿਣ ਗਿਣ ਕੇ ਵਲੇਟੇ ਹੋਏ ਸੁੱਖ ਨੂੰ।

ਕਾਣੀ ਅੱਖ ਤਕਦੀਆਂ ਨੇ
ਕਿਸੇ ਚੜ੍ਹਦੇ ਉਲੇਲ ਦੀਆਂ ਰਿਸ਼ਮਾਂ
ਪਿੰਡੇ ਵਿਚੋਂ ਸਿੰਮਦੀਆਂ ਨੇ
ਕੋਈ ਅਤਰ-ਫੁਲੇਲ ਦੀਆਂ ਕਿਸਮਾਂ
ਮੁੜ ਉਹੋ ਮੱਚ ਮੱਚਿਆ
ਜਿਹਨੇ ਪਾ ਲਿਆ ਸੀ ਬਿਰਹਾ ਦੇ ਦੁੱਖ ਨੂੰ

ਵੱਖੀਓਂ ਗੁਲਾਬ ਖਿੜਿਆ
ਸਿੱਧਾ ਵਿੰਨਿਆਂ ਸੂ ਸੁੱਤੇ ਹੋਏ ਦਿਲ ਨੂੰ
ਉਸੇ ਨੂੰ ਨਹੀਂ ਮਿਲ ਸਕਦੇ
ਜਿਹਨੂੰ ਰਹਿ ਸਕਦੇ ਸਾਂ ਨਾ ਮਿਲਣੋਂ
ਸਿਖ਼ਰ ਦੁਪਹਿਰੇ ਤਣਿਆ
ਕਿਸੇ ਚਾਨਣੀ ਦੇ ਉਣੇ ਹੋਏ ਮੁੱਖ ਨੂੰ।

(ਬੇਲੇ ਵਿਚ ਚਿੜੀਆਂ



## ਗੁਲਾਮ ਮੁਸਤਫ਼ਾ ਬਿਸਮਿਲ

1.

ਜਿਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਸ਼ਹਿਰਾਂ ਦੀ ਹਵਾ ਲੱਗੇ।
ਘਰਾਂ ਨੂੰ ਪਰਤ ਕੇ ਜਾਣਾ ਵੀ ਉਹਨਾਂ ਨੂੰ ਸਜ਼ਾ ਲੱਗੇ।

ਉਹ ਮੇਰੇ ਕਤਲ ਦੇ ਹਰ ਵਕਤ ਮਨਸੂਬੇ ਬਣਾਉਂਦਾ ਏ।
ਉਹ ਮੇਰੇ ਪਿਓ ਦੀ ਥਾਂ ਤੇ ਵੀ ਮੇਰਾ ਸਕਾ ਭਰਾ ਲੱਗੇ।

ਖ਼ੌਰੇ ਕੀ ਵਰਤ ਗਈ ਹੋਣੀ ਨਾ ਪੰਛੀ ਬੋਲਦਾ ਕੋਈ,
ਚਮਨ ਫੁੱਲਾਂ ਫਲਾਂ ਦੇ ਨਾਲ ਸੱਜਿਆ ਓਪਰਾ ਲੱਗੇ।

ਮੈਂ ਇਕਲਾਪੇ ਦੇ ਜੰਗਲ ਨਾਲ ਇੰਝ ਮਾਨੂਸ ਹੋਇਆ ਵਾਂ,
ਕਿ ਆਹਟ ਪੱਤੇ ਪੱਤੇ ਦੀ ਮੇਰੇ ਦਿਲ ਦੀ ਸਦਾਅ ਲੱਗੇ।

ਮੈਂ ਏਨਾ ਹੋ ਗਿਆ ਆਦੀ ਤੇਰੇ ਜ਼ੁਲਮਾਂ ਤੇ ਸਿਤਮਾਂ ਦਾ,
ਸਿਤਮ ਤੇਰੇ ਕਰਮ ਜਾਪਣ, ਜਫ਼ਾ ਤੇਰੀ ਵਫ਼ਾ ਲੱਗੇ।

ਸਫਰ ਫਿਤਰਤ ਵੀ ਕਰਦੀ ਏ ਕਿਵੇਂ ਨਾਬਰ ਥੀਆਂ ਇਸ ਤੋਂ,
ਮੇਰੇ ਬਾਗ਼ੀ ਪੁੱਤਰ 'ਚੋਂ ਮੇਰਾ ਲਹੂ ਬੋਲਦਾ ਲੱਗੇ।

ਮੈਂ ਤੇਰੀ ਯਾਦ ਨੂੰ ਗਲ ਲਾ ਕੇ ਰਾਤੀਂ ਏਨਾ ਰੋਇਆ ਵਾਂ,
ਪਲਕ ਤੋਂ ਰੂਹ ਤੱਕ 'ਬਿਸਮਿਲ' ਸੱਯਦ ਦਿਲ ਦਾ ਹਰਾ ਲੱਗਾ।

(ਵਰ੍ਹੇ-ਵਾਰ ਸਾਹਿਤ 1996)

2.

ਾਲ ਕੇ ਦੀਵੇ ਲਹੂ ਦੇ ਦੋਸਤਾ।
ਆ ਮਨਾਈਏ ਇਸ ਤਰ੍ਹਾਂ ਦਾ ਰਤ ਜਗਾ।

ਹਿਰ ਦੇ ਫੁੱਟਪਾਥ ਤੇ ਸੀ ਘਰ ਮਿਰਾ,
ਾਤ ਦੀ ਰਾਣੀ ਮੈਂ ਕਿੱਥੇ ਲਾਂਵਦਾ।

ਦ ਵੀ ਸਾਡੇ ਨਾਲ ਉਹ ਭਿੜ ਪਿਆ,
ਕਤ ਕਰ ਦੇਵੇਗਾ ਆਪੇ ਫੈਸਲਾ।

ੇਰ ਇਨਕਾਰੀ ਏ ਕੋਈ ਬਈਤ ਤੋਂ
ੇਰ ਲਹੂ ਮੰਗਦੀ ਏ ਧਰਤੀ ਕਰਬਲਾ।

ਲੀਕ ਇੱਕ ਜੇ ਖ਼ੌਫ਼ ਦੀ ਟੱਪੀ ਗਈ,
ਟੁਰ ਪਵੇਗਾ ਫਿਰ ਅਗੇਰੇ ਸਿਲਸਿਲਾ।

ਕੀ ਭੁਲੇਖਾ ਪਾਵਣਾ ਏ ਝਾਂਜਰਾਂ,
ਸ਼ੋਰ ਵੱਖਰਾ ਹੋਂਵਦਾ ਜ਼ੰਜੀਰ ਦਾ।

ਲਾ ਕੇ ਸੂਰਜ ਨਾਲ 'ਬਿਸਮਿਲ' ਯਾਰੀਆਂ,
ਆਪਣੀਆਂ ਅੱਖਾਂ ਤੋਂ ਵੀ ਮੈਂ ਤੇ ਗਿਆ।

3.

ਕਦੀ ਹੱਥਾਂ 'ਚ ਗੁਲਦਸਤਾ ਕਦੀ ਕਿਰਪਾਨ ਰੱਖਦਾ ਏ।
ਅਨੋਖੀ ਤਰਜ਼ ਦੇ ਉਹ ਕਤਲ ਦੇ ਸਾਮਾਨ ਰੱਖਦਾ ਏ।

ਹਵਾਵਾਂ ਤੇਜ਼ ਲੈ ਜਾਵਣ ਘਰਾਂ ਤੋਂ ਦੂਰ ਜਿੰਨਾ ਵੀ,
ਕਬੂਤਰ ਆਪਣੇ ਘਰ ਦੀ ਫੇਰ ਵੀ ਪਹਿਚਾਣ ਰੱਖਦਾ ਏ।

ਤੁਅੱਲਕ ਤੋੜਨਾ ਚਾਹੁੰਦਾ ਨਹੀਂ ਆਪਣੀ ਮੁਹੱਬਤ ਦਾ,
ਫ਼ਿਰਾਕ ਅੰਦਰ ਸਦਾ ਉਹ ਵਸਲ ਦੇ ਅਮਕਾਨ ਰੱਖਦਾ ਏ।

ਸਦਾ ਤਸਖੀਰ ਕਰਦਾ ਏ ਉਹ ਹੈਰਤ ਦੇ ਜਹਾਨਾਂ ਨੂੰ,
ਜੋ ਪੰਛੀ ਆਪਣਿਆਂ ਖੰਭਾਂ ਦੇ ਵਿਚ ਅਸਮਾਨ ਰੱਖਦਾ ਏ।

ਇਹਦੀ ਡੂੰਘੀ ਖ਼ਾਮੋਸ਼ੀ ਤੋਂ ਕਿਤੇ ਧੋਖਾ ਨਾ ਖਾ ਜਾਣਾ,
ਸਮੁੰਦਰ ਏ ਇਹ ਆਪਣੇ ਵਿਚ ਬੜੇ ਤੂਫ਼ਾਨ ਰੱਖਦਾ ਏ।

ਨਤਾਣਾ ਹੌਸਲੇ ਨਾ ਹਾਰਿਆ ਤੇ ਖੋਖਲਾ ਅੰਦਰੋਂ,
ਖ਼ੌਰੇ ਤਾਹੀਓਂ ਉਹ ਬੂਹੇ ਤੇ ਕਈ ਦਰਬਾਨ ਰੱਖਦਾ ਏ।

ਜਦੋਂ ਚਾਹੁੰਨਾ ਮੈਂ ਬੁੱਕਲ ਮਾਰ ਕੇ ਮਿੱਟੀ ਦੀ ਸੌਂ ਜਾਨਾ,
ਹਵਾਲਾ ਧਰਤ ਦਾ ਏਹੋ ਮਿਰੀ ਪਹਿਚਾਣ ਰੱਖਦਾ ਏ।

ਨਵੇਂ ਮਾਲੀ ਦੇ ਬਾਰੇ ਕਰਦੇ ਸੀ ਸਰਗੋਸ਼ੀਆਂ ਪੰਛੀ,
ਚਮਨ ਆਬਾਦ ਕਰਦਾ ਏ ਕਿ ਇਹ ਵੀਰਾਨ ਰੱਖਦਾ ਏ।

ਜਲਾ ਕੇ ਰਾਤ ਭਰ ਜ਼ਖ਼ਮਾਂ ਨੂੰ ਲੋਆਂ ਕਰਵਾਏ ਜਿਹੜਾ,
ਉਹ ਜ਼ਾਤ ਆਪਣੀ 'ਚ ਕਾਇਨਾਤ ਦਾ ਅਰਫਾਨ ਰੱਖਦਾ ਏ।

ਉਦਾਸੀ, ਜ਼ਖ਼ਮ, ਫ਼ਿਕਰਾਂ, ਸੋਚ, ਸੰਨਾਟੇ, ਥੱਕੇ ਲਮਹੇ,
ਖੰਡਰ ਜੁੱਸੇ 'ਚ 'ਬਿਸਮਿਲ' ਰਾਤ ਭਰ ਮਹਿਮਾਨ ਰੱਖਦਾ ਏ।

•••



## ਹੋਤ-ਪਰੋਹਤ / ਹਸਨ ਇਰਾਫ਼ੀ

1.

ਹੱਡੀਂ ਪੈਰੀਂ ਖੁੱਲ੍ਹੇ
ਕੁਝ ਲੰਮੇ, ਕੁਝ ਠੁੱਲ੍ਹੇ
ਚੌੜੀਆਂ ਚੌੜੀਆਂ ਹਿੱਕਾਂ
ਦਿਲ ਵਿਚ ਵਹੁਟੀਆਂ ਵਰਗੀਆਂ ਸਿੱਕਾਂ।
ਫੁੱਲਾਂ ਦੀ ਖੁਸ਼ਬੋ ਛੁਹ ਜਾਵੇ
ਸੌ ਸੌ ਮਾਰਨ ਛਿੱਕਾਂ।
ਨਾਲੀਆਂ ਦੇ ਕੰਢੇ ਤੇ ਬਾਸਾ
ਕੋਈ ਨਾ ਝੱਲੇ ਪਾਸਾ
ਤੱਕੀਏ ਤਾਂ ਛੁੱਟ ਜਾਵੇ ਹਾਸਾ
ਅੱਖਾਂ ਉੱਤੇ ਮੋਟੀ ਐਨਕ
ਅੱਗੇ ਭਰਵੀਂ ਸਹਿਨਕ
ਢਿੱਡ ਵਿਚ ਚੰਗੀ ਚੋਸੀ ਰੋਟੀ
ਹਰ ਗੱਲ ਮੋਟੀ, ਹਰ ਸ਼ੈਅ ਖੋਟੀ
ਜਿਉਂ ਝੀਰਾਂ ਦੀ ਝੋਟੀ
ਹੁਣ ਪਤਲੀ, ਹੁਣ ਮੋਟੀ
ਚੰਦਾ ਧੰਦਾ, ਅੰਨੀ ਲੋਟੀ
ਮੁਫ਼ਤ ਦੀ ਗੋਸ਼ਤ ਰੋਟੀ।
ਗੱਲ ਨਾ ਕੱਥ
ਨਿੱਤ ਬਲਾਵਣ ਸੱਥ
ਦੋ ਨਾਹਰੇ ਤੇ ਦੋ ਜੈਕਾਰੇ
ਜਾ ਪਹੁੰਚਣ ਸਰਕਾਰੇ।
ਜਿਹਦੇ ਵੈਰੀ, ਉਹਦੇ ਮੇਲੀ
ਕੰਗਲੇ ਤੇਲੀ
ਮੁੱਕੀ ਦੇ ਨਾਲ ਭੰਨਣ ਭੇਲੀ
ਕਿਰਸਾਨਾਂ ਦੇ ਬੇਲੀ।
ਸੁੰਡ ਲਟਕਾਈ ਫਿਰਦੇ ਹਾਥੀ
ਮਜ਼ਦੂਰਾਂ ਦੇ ਸਾਥੀ।
ਭਖਦਿਆਂ ਭਖਦਿਆਂ, ਜਲਦਿਆਂ ਬਲਦਿਆਂ
ਦੋ ਤਹਿਰੀਰਾਂ, ਦੋ ਤਕਰੀਰਾਂ,
ਦੋ ਭੜਕੀਲੇ ਨਾਹਰੇ
ਜਾ ਪੁੱਜਣ ਸਰਕਾਰੇ
ਜੇਲ੍ਹ ਯਾਤਰਾ
ਇਹਦੇ ਮਗਰੋਂ-
ਤੂੰਬੀ ਅੰਦਰ ਨਵਾਂ ਮਾਤਰਾ
ਬਣਕੇ ਸੰਤ ਤੇ ਸਾਧ
ਘਰ ਘਰ ਖਾਂਦੇ ਫਿਰਨ ਸਰਾਧ
ਨਾਲੇ ਅੰਨ ਪਾਣੀ ਦੀ ਕਰਨ ਸਫਾਈ
ਨਾਲੇ ਮੰਗਣ ਦੰਦ ਘਸਾਈ
ਊਠਾ ਰੰਗੇ ਜੋੜੇ ਜਾਮੇ
ਚੋਲੇ, ਸਲਵਾਰਾਂ ਤੇ ਪਜਾਮੇ
ਥਾਂ-ਥਾਂ ਫਿਰਨ ਪਰੋਹਤ,
ਨਿਰੇ ਹੋਤ ਦੇ ਹੋਤ!!

## ਚੀਰੇ ਵਾਲਿਆ / ਹਸਨ ਇਰਾਫੀ

2.

ਗਲ ਮੇਰੇ ਖੁਲ੍ਹੜੇ ਕੇਸ ਵੇ
ਤੂੰ ਜਾ ਮੱਲਿਆ ਪਰਦੇਸ ਵੇ
ਘਰ ਆ ਜਾ ਚੀਰੇ ਵਾਲਿਆ।

ਨਿੱਤ ਰੋਵਾਂ ਵੇਖ ਤਵੀਤੀਆਂ
ਅਸਾਂ ਰੱਜ ਨਾ ਗੱਲਾਂ ਕੀਤੀਆਂ
ਘਰ ਆ ਜਾ ਚੀਰੇ ਵਾਲਿਆ।

ਮੈਂ ਫੂਕਾਂ ਬਾਕਾਂ ਬਾਲੀਆਂ
ਇਹ ਤੁਰੰਤ ਵਿਛੋੜਨ ਵਾਲੀਆਂ
ਘਰ ਆ ਜਾ............।

ਜਦ ਕੂੰਜ ਕੋਈ ਕੁਰਲਾਂਵਦੀ
ਇਕ ਲੰਭ ਕਾਲਜਾ ਖਾਂਵਦੀ
ਘਰ ਆ ਜਾ ਚੀਰੇ ਵਾਲਿਆ।

ਮੈਂ ਪਾਵਾਂ ਤੇਲ ਮਸੀਤ ਵੇ
ਜੇ ਮਿਟੇ ਭਰਤੀ ਦੀ ਰੀਤ ਵੇ
ਘਰ ਆ ਜਾ ਚੀਰੇ ਵਾਲਿਆ।

ਫਿਰੇ ਲੰਬੜ ਬੜ੍ਹਕਾਂ ਮਾਰਦਾ
ਇਹ ਦੁਸ਼ਮਣ ਸਾਡੇ ਪਿਆਰ ਦਾ
ਘਰ ਆ ਜਾ ਚੀਰੇ ਵਾਲਿਆ।

ਮੈਂ ਚੀਰ ਸੁਕਾਵਾਂ ਗਾਜਰਾਂ
ਮੇਰਾ ਘਰ ਲੁੱਟਿਆ ਸੌਦਾਗਰਾਂ
ਘਰ ਆ ਜਾ ਚੀਰੇ ਵਾਲਿਆ।

ਇਹ ਛੇੜਨ ਲਾਮਾਂ ਜਾਣ ਕੇ
ਮੁੜ ਆਵੀਂ ਰਮਜ਼ ਪਛਾਣ ਕੇ
ਘਰ ਆ ਜਾ ਚੀਰੇ ਵਾਲਿਆ।

ਅੱਜ ਲਾਮ ਦਾ ਦਾਰੂ ਲਾਮ ਵੇ
ਇਕ ਅਮਨ ਤੇ ਇਕ ਕਤਲਾਮ ਵੇ
ਘਰ ਆ ਜਾ ਚੀਰੇ ਵਾਲਿਆ।

## ਨਮੂਨੇ / ਹਸਨ ਇਰਾਫੀ

3.

ਜਿਹਨਾਂ ਨੂੰ ਉਡੀਕ ਇਕ ਹੋਰ ਵੱਡੀ ਲਾਮ ਦੀ।
ਜਿਹਨਾਂ ਨੂੰ ਤਮੰਨਾ ਇਕ ਵੱਡੇ ਕਤਲਾਮ ਦੀ।

ਜਿਹੜੇ ਕਹਿੰਦੇ, ਇਹ ਵੇ ਪੇਸ਼ਗੋਈ ਇਸਲਾਮ ਦੀ
ਹੋ-ਚੀ-ਮਿੰਨ ਹਾਰ ਵੈਸੀ ਜੰਗ ਵੀਟਨਾਮ ਦੀ।

ਜਿਹੜੇ ਕਹਿੰਦੇ, ਧਰਤੀ ਨੂੰ ਪੁੱਠੇ ਗੇੜੇ ਆਉਣਗੇ
ਗੋਰੇ ਮੁੜ ਕਾਲਿਆਂ ਤੇ ਹੁਕਮ ਚਲਾਉਣਗੇ।

ਠੱਗ ਫੇਰ ਜੱਗ ਦੇ ਇਮਾਮ ਬਣ ਜਾਣਗੇ
ਲੇਲੇ ਬਘਿਆੜਾਂ ਦੇ ਗੁਲਾਮ ਬਣ ਜਾਣਗੇ।

ਆਖਦੇ ਅਖਾਉਂਦੇ ਸਭੋ ਵੱਟ ਸੀਤ ਜਾਣਗੇ
ਬੀਤੇ ਹੋਏ ਜੁਗ ਏਥੇ ਵੱਤ ਬੀਤ ਜਾਣਗੇ।

ਧੱਕੇ ਨਾਲ ਸੁੱਟ ਕੇ ਜ਼ਮੀਨ ਤੇ ਸਮਾਨ ਨੂੰ
ਮੁੜ ਤਸਖੀਰ ਕਰ ਲੈਣਗੇ ਜਹਾਨ ਨੂੰ।

ਜਿਹੜੇ ਦੇਸ਼ ਡਿੱਠੀਆਂ ਨੇ ਨਵੀਆਂ ਆਜ਼ਾਦੀਆਂ
ਘਰ ਦੋ ਘੜੀ ਉਨ੍ਹਾਂ ਘਰ ਵਿਚ ਸ਼ਾਦੀਆਂ।

ਏਹੋ ਜਿਹੇ ਸਾਰਿਆਂ ਨਮੂਨਿਆਂ ਨੂੰ ਹੂੰਝ ਕੇ,
ਰੱਖੋ 'ਚ ਅਜਾਇਬ-ਘਰ ਵਿਚ ਝਾੜ ਪੂੰਝ ਕੇ।





## ਦਿਲ ਦੀਆਂ ਅੱਖੀਆਂ

ਰਿਫਅਤ

ਉਹ ਪਿਆ ਹੱਸਦਾ ਸੀ
ਉਹਦੀਆਂ ਅੱਖੀਆਂ ਵਿਚ
ਪਿਆਰ ਦੀ ਲਾਟ ਜਹੀ ਜਗਦੀ ਸੀ
ਉਹਦੇ ਮੂੰਹ ਗੱਲਾਂ ਥਿੜਕ ਥਿੜਕ ਪੈਂਦੀਆਂ ਸਨ
ਉਹਦੇ ਸੀਨੇ ਵਿਚ
ਉਹਦਾ ਦਿਲ ਧੱਕ ਧੱਕ ਪਿਆ ਵੱਜਦਾ ਸੀ
ਉਹਦੀਆਂ ਬਾਹੀਂ ਉੱਲਰ ਉੱਲਰ ਪੈਂਦੀਆਂ ਸਨ
ਮੈਂ ਅੱਖੀਆਂ ਬੰਦ ਕਰਕੇ
ਉਹਦੀਆਂ ਗੱਲਾਂ ਪਈ ਸੁਣਦੀ ਸਾਂ
ਕਿਉਂ ਜੇ
ਮੇਰੇ ਹੱਥ ਵਿਚ ਟੈਲੀਫ਼ੋਨ ਦਾ
ਰਿਸੀਵਰ ਫੜਿਆ ਹੋਇਆ ਸੀ
ਤੇ ਮੈਂ ਆਪਣੇ ਕੰਨਾਂ ਨੂੰ
ਉਹਦੇ ਸਦਕਾ
ਦਿਲ ਦੀਆਂ ਅੱਖੀਆਂ ਬਣਾ ਲਿਆ ਸੀ।

## ਸ਼ਨਾਖ਼ਤ

ਬੁਸ਼ਰਾ ਏਜਾਜ਼

ਮੈਂ ਗ਼ੁਲਾਮਾਂ ਦੀ ਓਸ ਜਮਾਤ ਵਿਚੋਂ ਹਾਂ
ਜਿਸ ਦੀ ਗਿਣਤੀ
ਦੁਨੀਆ ਦੀ ਕਿਸੇ ਵੀ ਮਰਦਮ-ਸ਼ੁਮਾਰੀ
ਵਿਚ ਨਹੀਂ
ਮੇਰਾ ਨਾਂ ਮੇਰਿਆਂ ਹੱਥਾਂ ਵਿਚ ਲੀਕਾਂ ਵਿਚ ਵੀ
ਮੈਨੂੰ ਨਹੀਂ ਦਿਸਦਾ
ਤੇ ਜ਼ਿਮੀਂ ਦੀਆਂ ਸ਼ੀਸ਼ਾਂ ਵਿਚ ਵੀ
ਇਹਦਾ ਕੋਈ ਨਿਸ਼ਾਨ ਨਹੀਂ
ਅਸਮਾਨ ਤੇ ਉਂਝ ਵੀ ਡਾਢਾ ਦੂਰ ਏ
ਰੱਬਾ! ਮੈਂ ਆਪਣਾ ਨਾਵਾਂ ਕਿੱਥੇ ਲਿਖਾਂ?

ਕਿਹੜੀ ਤਕਦੀਰ ਦੇ ਵਰਕਿਆਂ ਉੱਤੇ
ਤੇ ਹਵਾ ਦੀ ਕਿਹੜੀ ਕੰਧ ਉੱਤੇ
ਆਪਣੇ ਨਾਂ ਦੀਆਂ ਲੀਕਾਂ
ਕਿਹੜੇ ਦਿਲ ਦੇ ਸ਼ੀਸ਼ੇ ਵਿਚੋਂ
ਆਪਣਾ ਮੂੰਹ ਵੇਖਾਂ?
ਜਿਹੜਾ ਬੇਸ਼ਨਾਖਤੀ ਦੇ ਘੱਟੇ ਵਿਚ
ਉੱਡਿਆ ਪੁੱਡਿਆ
ਵੇਲੇ ਦੇ ਬੂਹੇ ਅੱਗੇ
ਲੱਗੀ ਰੂੜੀ ਵਾਂਗੂੰ
ਨਿਮਾਣਾ ਜਿਹਾ ਲੱਗਦਾ ਏ।
ਰੱਬਾ! ਮੇਰੇ ਨਾਂ ਦੀ ਰਾਤ ਕਿੱਥੇ ਏ
ਤੇ ਮੇਰੇ ਹਿੱਸੇ ਦੇ ਦਿਹੁੰ ਦਾ ਚੁਬਾਰਾ ਕਿੱਥੇ ਏ?
ਜਿੱਥੇ ਮੇਰੇ ਆਪਣੇ ਸਾਹ
ਮੇਰੇ ਨਾਂ ਨਾਲ ਰੱਖੇ ਨੇ।

## ਦ਼ਗੇਦਾਰੀਆਂ, ਹੁਸ਼ਿਆਰੀਆਂ

ਨਸਰੀਮ ਅੰਜਾਮ ਭੱਟੀ

"ਦਗ਼ੇਦਾਰੀਆਂ, ਹੁਸ਼ਿਆਰੀਆਂ
ਮੈਨੂੰ ਹੋਣ ਲਿਆਈਆਂ ਯਾਰੀਆਂ
ਲੂੰ ਲੂੰ ਰੱਤ ਕੰਡਿਆਰੀਆਂ।"

ਇਹ ਗਾਵਣ ਅਸੀਂ ਆਪੇ ਹੀ ਬਣਾਏ ਹੋਏ ਨੇ
ਹਉਕਿਆਂ ਤੇ ਚੀਕਾਂ ਨੂੰ ਜੋੜ ਲਈਦਾ ਏ

ਤੇ ਆਪਣਾ ਆਪ ਕੱਤਿਆ ਜਾਂਦਾ ਏ
ਗੰਨਿਆਂ ਦੀਆਂ ਮੱਟੀਆਂ ਵਿਚ
ਅਸੀਂ ਆਪਣਾ ਵਰ੍ਹਾ ਬੀਜ ਛੱਡਦੇ ਆਂ
ਹਰਿਆਲੀ ਗੂੜ੍ਹੀ ਹੋ ਕੇ ਸਾਹ ਡੱਕ ਦੇਂਦੀ ਏ
ਤੇ ਸ਼ੀਸ਼ਾਂ ਵਿਚੋਂ
ਸੀਟੀਆਂ ਨਿਕਲਣ ਲੱਗ ਪੈਂਦੀਆਂ ਨੇ
ਰੋਵਣ ਤੇ ਗਾਵਣ ਵਿਚ ਐਨਾ ਈ ਫ਼ਰਕ ਏ
ਖੌਰੇ ਇਸ ਕੌਮ ਦੇ ਮੋਹਰੀ ਕੌਣ ਸਨ?
ਅਸਾਂ ਤੇ ਇਹ ਕੰਮ ਵਖਤਾਂ ਨਾਲ ਸਿੱਖਿਆ ਏ
ਪਰ ਹੁਣ ਸੌਖਾ ਲੱਗਦਾ ਏ
ਵੇਲ਼ਾ ਵੇਲ਼ੇ ਨੂੰ ਠਿੱਬੀ ਮਾਰ ਕੇ ਲੰਘ ਜਾਂਦਾ ਏ
ਤੇ ਅਸੀਂ ਫੇਰ ਉਹਦੇ ਮਗਰ ਹੋ ਜਾਨੇ ਆਂ।

ਨਾ, ਸ਼ਾਮ ਵੇਲ਼ੇ ਚੀਕ ਨਹੀਂ ਮਾਰੀਦੀ,
ਮਨ ਮਾਰੀਦਾ ਏ
ਦਗ਼ੇਦਾਰੀਆਂ ਤੇ ਪਿਆਰਾਂ ਦੇ ਸੌਦੇ
ਜਦੋਂ ਗਾਵਣ ਬਣ ਜਾਂਦੇ ਨੇ
ਤੇ ਵੇਲ਼ਾ ਮੁੱਠ ਵਿਚ ਆ ਜਾਂਦਾ ਏ

'ਹੀਰ ਆਖਿਆ ਜੋਗੀਆ ਝੂਠ ਬੋਲੇਂ'
ਜੋਗੜੇ ਦੀ ਜੰਝ ਨਾਲ
ਅਸਾਂ ਗਾਉਂਦੀਆਂ ਗਈਆਂ
ਰੋਂਦੀਆਂ ਆਈਆਂ
ਮੁੱਠਾਂ ਵਿਚ ਮਹਿੰਦੀ ਬੋਲਣ ਲੱਗ ਪਈ
ਤੇ ਗਾਵਣ ਬਣ ਗਏ
ਨਿੱਕੀਆਂ ਕੁੜੀਆਂ ਹੱਸ ਕੇ ਵੱਡੀਆਂ ਰੋ ਕੇ
ਤੇ ਵਡੇਰੀਆਂ ਫਿਰ ਹੱਸ ਕੇ
ਗਾਵਣ ਲੱਗ ਪਈਆਂ

ਦਿਨ ਹੁੰਦਿਆਂ ਅਸੀਂ ਕਹਾਣੀਆਂ ਨਹੀਂ ਛੋਹਦੇ
ਰਾਮ ਰੱਖੀਏ, ਵਰਤਾਰਾ ਕਰ ਲੈ
ਸੱਜਣਾ ਦੇ ਗਾਵਣ ਘੜੇ 'ਚ
ਮੂੰਹ ਪਾ ਕੇ ਵੀ ਗਾਈਦੇ ਨੇ
ਤੇ ਉਹਨਾਂ ਤੀਕ ਅੱਪੜ ਜਾਂਦੇ ਨੇ
ਸ਼ਗਨ ਸ਼ਗੀਂ ਸੁਰਮਾ ਨਾ ਰੱਖੀਆਂ
ਕੱਚੀਆਂ ਪ੍ਰੀਤਾਂ ਉੱਡਦੀਆਂ ਕੋਈ ਖੁਸ਼ਬੋਈ ਦੇ
ਖੋਰ ਖੰਡ ਅਸਾਂ ਸ਼ਰਬਤ ਪੀਤਾ
ਤਦ ਵੀ ਨਸ਼ਾ ਨਾ ਹੋਈ ਵੇ।

('ਨੀਲ ਕਰਾਈ ਨੀਲਕਾਂ' ਵਿਚੋਂ)

## ਪਛੜਿਆ ਇਲਾਕਾ

**ਸ਼ਾਇਸਤਾ ਹਬੀਬ**

ਮੇਰੇ ਸਿਰ ਤੇ ਬੜੇ ਕਰਜ਼ੇ ਨੇ
ਦੁਨੀਆਦਾਰੀ ਦੇ
ਮੈਂ ਵੱਡੇ ਵੱਡੇ ਮੁਲਕਾਂ ਤੋਂ ਇਮਦਾਦ ਲਈ
ਆਪਣੇ ਵਜੂਦ ਨੂੰ ਬਰਕਰਾਰ ਰੱਖਣ ਲਈ
ਕਦੀ ਮੈਂ ਮਗ਼ਰਬ ਵੱਲ ਝੁਕ ਗਈ, ਕਦੀ ਮਸ਼ਰਕ
ਨੇ ਮੇਰੇ ਹੱਥ ਪੈਰ ਭੰਨ ਲਏ
ਮੇਰਾ ਵਜੂਦ ਸਦਾ ਗ਼ੁਲਾਮੀ ਦੀਆਂ ਜ਼ੰਜੀਰਾਂ
ਵਿਚ ਸਹਿਕਦਾ ਰਹਿਆ ਏ
ਮੇਰਾ ਬਚਪਨ ਗ਼ੈਰਾਂ ਦੀ
ਚਾਕਰੀ ਵਿਚ ਗੁਜ਼ਰਿਆ
ਜਵਾਨੀ ਦੇ ਦਿਨਾਂ ਵਿਚ ਮੇਰੇ ਸਿਰ ਤੇ ਕਰਜ਼ਿਆਂ
ਜਵਾਨੀ ਦੇ ਬਹਾਰ ਭਰੇ ਦਿਨਾਂ ਵਿਚ
ਬਲਦੇ ਸੂਰਜ ਹੇਠ ਸੜਦੀ ਰਹੀ
ਸੁੱਖ ਦੀ ਛਾਂ ਨੂੰ ਤਰਸਦੀ ਰਹੀ
ਗ਼ਰੀਬ ਦੀ ਜਵਾਨੀ ਤੇ ਸਰਦੀਆਂ ਦੀ ਚਾਨਣੀ
ਨੂੰ ਕਿਸੇ ਨੇ ਨਹੀਂ ਵੇਖਿਆ
ਮੈਂ ਗ਼ੁਰਬਤ, ਜਹਾਲਤ,
ਗ਼ੁਲਾਮੀ ਤੇ ਤੁਅਸਬ ਨਾਲ



ਬਕਾਇਦਾ ਜੰਗ ਦਾ ਆਗ਼ਾਜ਼ ਕੀਤਾ
ਪਰ ਮੇਰੇ ਕੋਲ ਕੋਈ ਬੈਠਾ ਨਹੀਂ ਸੀ
ਮੇਰੇ ਜਜ਼ਬਾਤ ਵੀ ਬੂਟਾਂ ਵਾਲੇ
ਪੈਰਾਂ ਹੇਠ ਮਧੋਲੇ ਗਏ
ਮੇਰੇ ਖ਼੍ਵਾਬਾਂ ਦਾ ਕੋਈ ਮੁੱਲ ਨਾ ਪਿਆ
ਮੇਰੇ ਉੱਪਰੋਂ ਤੇ ਬੱਦਲ ਵੀ ਵੱਸੇ ਬਿਨਾਂ ਲੰਘ ਗਏ
ਤੇ ਜ਼ਾਲਮ ਹਵਾਵਾਂ ਨੇ
ਮੇਰੀ ਚੁੰਨੀ ਵੀ ਲਾਹ ਲਈ
ਮੈਂ ਬੇਨਿਸ਼ਾਨ ਹੋ ਗਈ
ਮੇਰੇ ਆਪਣੇ ਲੋਕਾਂ ਨੇ ਮੇਰੀ ਜ਼ੁਬਾਨ ਵੱਢ ਦਿੱਤੀ
ਮੇਰੇ ਬੂਹਿਆਂ ਦੇ ਅੱਗੇ ਬੰਧ ਬੰਨ੍ਹ ਦਿੱਤੇ ਗਏ
ਮੈਂ ਏਸ ਕਾਇਨਾਤ ਵਿਚ .
ਇੱਕ ਪਛੜੇ ਇਲਾਕੇ ਦੀ ਤਰ੍ਹਾਂ
ਖੁੱਲੀਆਂ ਹਵਾਵਾਂ ਤੇ
ਬੱਦਲਾਂ ਲਈ ਤੇ ਨਿੱਕੀਆਂ ਨਿੱਕੀਆਂ
ਗੱਲਾਂ ਲਈ ਤਰਸਦੀ ਰਹੀ.......?

## ਆਪਣੀ ਸਹੂਲਤ ਦੀ ਖ਼ਾਤਿਰ

**ਸ਼ਾਇਸਤਾ ਹਬੀਬ**

ਸਵਾਉਣ ਦੀ ਕੋਸ਼ਿਸ਼ ਕਰਦੀ ਸੀ
ਮੇਰੀਆਂ ਅੱਖਾਂ ਵਿਚ ਨੀਂਦਰ
ਵਹਿਸ਼ਤ ਕਰਦੀ ਸੀ
ਮੈਨੂੰ ਸਕੂਲ ਭੇਜਿਆ ਗਿਆ
ਮੈਂ ਆਪ ਕਦੇ ਸਕੂਲ ਨਾ ਗਈ
ਮੈਂ ਤਸਵੀਰਾਂ ਬਣਾਣਾਂ ਚਾਹੁੰਦੀ ਸਾਂ
ਰੰਗ ਬਰੰਗੇ ਚੰਨ ਦੀਆਂ, ਫੁੱਲਾਂ ਦੀਆਂ
ਤਿਤਲੀਆਂ ਦੀਆਂ, ਹਵਾਵਾਂ ਦੀਆਂ
ਤੇ ਫਵਾਰਾਂ ਦੀਆਂ
ਮੇਰੀ ਉਸਤਾਨੀ ਨੇ
ਮੇਰੀ ਡਰਾਇੰਗ ਬੁੱਕ ਖੋਹ ਕੇ ਪਾੜ ਦਿੱਤੀ
ਮੈਂ ਕਾਲਜ ਵਿਚ ਭੇਜੀ ਗਈ
ਮੈਂ ਬੋਲਣਾ ਚਾਹੁੰਦੀ ਸਾਂ
ਸਟੇਜ ਤੇ ਆ ਕੇ ਉਮੰਗਾਂ ਬਾਰੇ
ਤਲਾਸ਼ ਬਾਰੇ, ਸੱਚ ਬਾਰੇ
ਮੈਂ ਅਖ਼ਬਾਰ ਦੇ ਦਫ਼ਤਰ ਵਿਚ ਮੁਲਾਜ਼ਮ ਹੋਈ
ਮੈਂ ਚਾਹਿਆ ਕਿਹ ਮਜ਼ਮੂਨ ਲਿਖਾਂ
ਨਾ ਹਮਵਾਰੀ ਦੇ ਬਾਰੇ,
ਤਬਕਾਤੀ ਕਸ਼ਮਕਸ਼ ਦੇ ਬਾਰੇ
ਅਫ਼ਸਰ ਨੇ ਮੈਨੂੰ ਹੁਕਮ ਦੇ ਦਿੱਤਾ ਕਿਹ ਮੈਂ
ਮਸਾਲੀ ਮੁਆਸ਼ਰੇ ਬਾਰੇ ਲਿਖਾਂ
ਮੈਂ ਰੇਡੀਓ ਤੇ ਆਈ,
ਮੈਨੂੰ ਮੌਜ਼ੂਹ ਦਿੱਤਾ ਕੀਹ
ਮੈਂ ਗ਼ੁਲਾਮੀ ਦੇ ਫਾਇਦੇ ਤੇ ਤਕਰੀਰ ਕਰਾਂ
ਮੇਰੀ ਖ਼ਾਹਿਸ਼ ਸੀ
ਕਿ ਆਜ਼ਾਦੀ ਦੇ ਹੱਕ ਵਿਚ ਬੋਲਾਂ
ਮੈਨੂੰ ਕਹਿਆ ਗਿਆ
ਕਿ ਤੂੰ ਵਜ਼ਨ ਵਿਚ, ਬਹਿਰ ਵਿਚ
ਰਿਦਮ ਵਿਚ, ਹਾਕਮਾਂ ਦੇ ਕਸੀਦੇ ਕਹੋ
ਮੈਂ ਵਿਚਾਰੇ ਲੋਕਾਂ ਦੀ ਸਿੱਧੀ ਸਾਦੀ ਜ਼ਿੰਦਗੀ ਨੂੰ
ਸਿੱਧੇ ਸਾਦੇ ਤਰੀਕਿਆਂ ਨਾਲ
ਬਿਆਨ ਕਰ ਦਿੱਤਾ
ਤੇ ਹੁਣ ਤੀਕ ਏਹੋ ਕਰ ਰਹੀ ਆਂ
ਮੈਂ ਆਪਣੀ ਓਸ ਆਖ਼ਰੀ ਖ਼੍ਵਾਹਸ਼ ਨੂੰ
ਜ਼ਰੂਰ ਪੂਰਾ ਕਰਨਾ ਚਾਹਵਾਂਗੀ।
ਏਸ ਲਈ ਭਾਵੇਂ ਤੁਸੀਂ ਮੈਨੂੰ ਫਾਹੇ ਲਾ ਦਿਓ
ਇੱਕ ਵਾਰ ਫੇਰ ਗ਼ੌਰ ਨਾਲ ਸੁਣੋ
ਮੈਂ ਨਜ਼ਮਾਂ ਲਿਖਣਾ ਚਾਹੁੰਣੀ ਆਂ
ਮੈਂ ਜੀਣਾ ਚਾਹੁੰਦੀ ਆਂ

ਮੈਂ ਨਜ਼ਮਾਂ ਪਾਣਾ ਚਾਹੁੰਣੀ ਆਂ
ਮੈਂ ਨਜ਼ਮਾਂ ਗਾਣਾ ਚਾਹੁੰਣੀ ਆਂ
ਮੈਂ ਨਜ਼ਮਾਂ ਸੁਣਨਾ ਚਾਹੁੰਣੀ ਆਂ ਤੇ
ਕਹਿੰਦੇ ਰਹਿਣਾ ਚਾਹੁੰਣੀ ਆਂ
ਆਪਣੇ ਫ਼ਾਇਦੇ ਦੀ ਖ਼ਾਤਿਰ
ਤੇ ਸਭ ਦੇ ਫ਼ਾਇਦੇ ਦੀ ਖ਼ਾਤਿਰ।

## ਨਜ਼ਮ

**ਸਰਵਤ ਮਹੀਉਦੀਨ**

ਜਿਹੜੇ ਪਲ ਤੇ ਘੜੀਆਂ ਸੱਭੇ
ਸੁਹਣੇ ਸੁਪਨਿਆਂ ਵਾਂਗੂ ਲੱਗੇ
ਜਾਗਦੀਆਂ ਅੱਖੀਆਂ ਨੇ ਤੱਕੇ
ਫੇਰ ਉਹ ਇਕ ਇਕ ਕਰਕੇ ਸੱਭੇ
ਹੌਲ਼ੀ ਹੌਲ਼ੀ ਇੰਝ ਟੁੱਟੇ
ਨਾ ਕੋਈ ਸ਼ੋਰ-ਸ਼ਰਾਬਾ ਹੋਇਆ
ਨਾ ਤੂਫ਼ਾਨ ਹਨ੍ਹੇਰੀਆਂ ਚੱਲੇ
ਨ ਕੋਈ ਐਡੇ ਝੱਖੜ ਝੁੱਲੇ
ਨਾ ਕੋਈ ਬਿਜਲੀਆਂ ਬੋਲ ਕੜਕੇ
ਨਾ ਹੀ ਛੰਮ ਛੰਮ ਵਰ੍ਹਿਆ ਪਾਣੀ
ਚੁਪ-ਚੁਪੀਤੇ
ਅੰਦਰੋਂ ਅੰਦਰੀਂ
ਤੀਰ ਕਲੇਜੇ ਅੰਦਰ ਵੱਜੇ
ਇਕ ਇਕ ਕਰਕੇ ਪਰਤਾਂ ਸੱਭੇ
ਖੁਲ੍ਹਦੀਆਂ ਗਈਆਂ ਅੱਖੀਆਂ ਦੇ ਅੱਗੇ।

## ਬੁਕਲ

**ਅੰਜਮ ਕੁਰੈਸ਼ੀ**

ਬਹਾਰ ਜਿਵੇਂ ਸਿਰਫ਼ ਤੇਰੇ ਘਰ ਖਿੜੀ ਏ
ਵਨ ਸੁਵੰਨੇ ਫੁੱਲ ਤੇ ਫ਼ਲ ਤੇ ਘਾਹ
ਤੇ ਨਵੇਂ ਨਵੇਂ ਪਤਰਾਂ ਵਾਲੇ ਰੁੱਖ
ਜਿਵੇਂ ਏਥੇ ਈ ਖਿੜੇ ਨੇ।

ਮੀਂਹ ਜਿਵੇਂ ਸਿਰਫ਼ ਤੇਰੇ ਵਿਹੜੇ ਵਸਦਾ ਏ।
ਕੋਇਲ ਬੋਲੇ ਤੇ ਕੋਠਿਆਂ ਤੇ ਪਰਨਾਲੇ
ਤੇ ਲਾਲ ਇੱਟਾਂ
ਜਿਵੇਂ ਹੋਰ ਕਿਤੇ ਵੀ ਗਿੱਲੇ ਨਹੀਂ ਹੁੰਦੇ।

ਧੁੱਪਾਂ ਜਿਵੇਂ ਸਿਰਫ਼ ਤੇਰੇ ਵੱਲ ਲੱਗਦੀਆਂ ਨੇ
ਸਵਾ ਨੇਜ਼ੇ 'ਤੇ ਕਹਿਰ ਦਾ ਸੇਕ
ਜਿਹੜਾ ਲੂੰ ਲੂੰ ਲੋਹ ਦਿੰਦਾ ਏ
ਤੇ ਹੱਥਾਂ ਪੈਰਾਂ ਦੀਆਂ ਤਲੀਆਂ 'ਤੇ
ਛਾਲੇ ਪੈ ਜਾਂਦੇ ਨੇ।

ਕੱਕਰ ਜਿਵੇਂ ਤੇਰੇ ਬੂਹਿਓਂ ਬਾਹਰ ਪੈਂਦਾ ਏ
ਬੰਦ ਬਾਰੀਆਂ ਦੀਆਂ
ਵਿਰਲੀਆਂ ਚੁਗਾਠਾਂ ਵਿਚੋਂ ਆਉਂਦੀ ਸੀਤ
ਮੇਰੀਆਂ ਨੀਹਾਂ ਠਾਰ ਦਿੰਦੀ ਏ
ਮੈਨੂੰ ਆਪਣੀ ਬੁੱਕਲ ਮਾਰਨ ਦੇ।



ਗ਼ਜ਼ਲਾਂ ਭਾਗ - ਤੀਜਾ

## ਬਸ਼ੀਰ ਬਾਵਾ

ਪਰਦੇ ਦੇ ਮਗਰ ਨੱਚਦੀਆਂ ਛਨਕਾਰ ਉਂਗਲੀਆਂ।
ਦਿਸਣ ਕਮਾਲ ਕਰਦੀਆਂ ਲੋਕਾਂ ਨੂੰ ਪੁਤਲੀਆਂ।

ਦੇਵੇ ਖ਼ਿਜ਼ਾਂ ਨੇ ਜੀਵਨ ਨੂੰ ਤਲਖ਼ੀਆਂ,
ਚਿਹਰੇ ਦੀ ਲੀਕ ਲੀਕ ਵਿਚ ਲੁਕੀਆਂ ਪਹੇਲੀਆਂ।

ਸ਼ਾਇਰ ਦੇ ਉੱਚ ਖ਼ਿਆਲ ਤੋਂ ਧੋਖੇ ਹੁਸੀਨ ਨੇ,
ਖ਼ੁਸ਼ਬੂ ਖਿਲਾਰ ਦੇਂਦੀਆਂ ਜ਼ਿਹਨਾਂ 'ਚ ਤਿਤਲੀਆਂ।

ਵੇਖੋ ਨਜ਼ਾਰਾ ਦੂਰ ਤੋਂ ਸੜਦਾ ਰਹੇ ਖਾ ਤੂਰ,
ਤੀਲੇ ਵੀ ਹੈਨ ਓਸਦੇ ਜਿਸਦੀਆਂ ਨੇ ਬਿਜਲੀਆਂ।

ਤੱਕ ਰੌਸ਼ਨੀ ਤੋਂ ਤੇਜ਼ ਏ, ਸੱਜਣਾ ਤਿਰਾ ਖ਼ਿਆਲ,
ਝੱਟ ਉਸ ਫ਼ਾਸਲੇ ਦੀਆਂ ਵਿੱਥਾਂ ਨੇ ਮੇਲੀਆਂ।

ਦੁਸ਼ਮਣ ਕਦੀ ਵੀ ਇਸ ਤਰ੍ਹਾਂ ਕਰਦਾ ਨਹੀਂ ਬਸ਼ੀਰ,
'ਬਾਵੇ' ਥੀਂ ਜੋ ਜੋ ਕੀਤੀਆਂ ਸੱਜਣਾਂ ਤੇ ਬੇਲੀਆਂ।

**(ਦੁੱਖ ਸਾਗਰ ਨੂੰ ਲਾਈਆਂ ਡੀਕਾਂ, ਵਿਚੋਂ)**

### 2.

ਸਮੁੰਦਰ ਨਾਲ ਲਾਈਆਂ ਨੇ, ਕਿਨਾਰੇ ਭਾਲਣੇ ਛੱਡੇ।
ਹੈ ਮੈਨੂੰ ਮਾਣ ਬਾਹਵਾਂ ਤੇ, ਸਹਾਰੇ ਭਾਲਣੇ ਛੱਡੇ।

ਜੇ ਬੂਤਰ ਜਾਣ ਫਿਰ ਮੈਥੋਂ ਕਦੀ ਵੀ ਸਾਂਭ ਨਹੀਂ ਹੁੰਦੇ,
ਮੈਂ ਏਸੇ ਤੋਂ ਹੀ ਜਜ਼ਬੇ ਬੇ-ਮੁਹਾਰੇ ਭਾਲਣੇ ਛੱਡੇ।

ਜਦੋਂ ਹਰ ਹਰਫ਼ ਵਿਚੋਂ, ਅਲਫ਼ ਲੁਕਿਆ ਦਿਸ ਪਿਆ ਮੈਨੂੰ,
ਮੈਂ ਇੱਕ ਨੂੰ ਮੰਨ ਕੇ ਬਾਕੀ ਦਵਾਰੇ ਭਾਲਣੇ ਛੱਡੇ।

ਕਿਸੇ ਦਾ ਦਿਲ ਨਾ ਚਿਰ ਜਾਵੇ, ਕਿਸੇ ਦੀ ਅੱਖ ਨਾ ਭਿੱਜ ਜਾਵੇ,
ਮੈਂ ਆਪਣੀ ਜੀਭ ਵਿਚੋਂ ਤੇਜ਼ ਆਰੇ ਭਾਲਣੇ ਛੱਡੇ।

ਮੇਰੇ ਲੂੰ ਲੂੰ ਦੇ ਵਿਚ ਰਚਿਆ ਖ਼ਿਆਲਾਂ ਦਾ ਏ ਸ਼ਾਹ ਜਦ ਤੋਂ,
ਮੈਂ ਓਸ ਨੂੰ ਵੇਖ ਕੇ ਲਿਖਣਾ, ਉਤਾਰੇ ਭਾਲਣੇ ਛੱਡੇ।

ਰਫ਼ੀਕਾਂ ਮੇਰਿਆਂ ਮੈਨੂੰ ਦਿਖਾਏ ਨੇ ਦਿਨੇਂ ਤਾਰੇ,
ਮੈਂ ਜੱਗ ਨੂੰ ਏਸ ਲਈ ਸੱਜਣ ਪਿਆਰੇ ਭਾਲਣੇ ਛੱਡੇ।

ਖ਼ੁਦੀ ਨੂੰ ਕਰ ਕੇ ਉੱਚਿਆਂ ਹਨ ਮੈਂ ਨਜ਼ਰਾਂ ਨੀਵੀਆਂ ਰੱਖਣਾ,
ਮੈਂ 'ਬਾਵਾ' ਕਦ ਤੋਂ ਉੱਚੇ ਨਜ਼ਾਰੇ ਭਾਲਣੇ ਛੱਡੇ।

## ਆਦਲ ਸਦੀਕੀ

ਜ਼ਹਿਰ ਨਾ ਘੋਲੋ ਵਿਚ ਫਜ਼ਾਵਾਂ ਰਹਿਣ ਦਿਓ।
ਸਾਡੇ ਲਈ ਕੁਝ ਖਾਲਸ 'ਵਾਵਾਂ ਰਹਿਣ ਦਿਓ।

ਖੁੱਲੀ 'ਵਾ ਵਿਚ ਸਾਹ ਮਿਲਣਾ ਵੀ ਨਿਹਮਤ ਹੈ,
ਇਹ ਹੱਕ ਦੇਵੋ, ਹੋਰ ਅਤਾਵਾਂ ਰਹਿਣ ਦਿਓ।

ਸੜਦੀ ਬਲਦੀ ਧਰਤੀ ਆਖੇ, ਲੋਕਾਂ ਨੂੰ,
ਮੇਰੇ ਜਿਸਮ ਤੇ ਸਬਜ਼ ਕਬਾਵਾਂ ਰਹਿਣ ਦਿਓ।

ਹੁਣ ਫ਼ਿਤਰਤ ਦੀ ਗੋਦ ਵੀ ਮੈਲੀ ਹੋ ਗਈ ਏ,
ਹੋਰ ਨਾ ਇਹਨੂੰ ਦਿਓ ਸਜ਼ਾਵਾਂ, ਰਹਿਣ ਦਿਓ।

ਸਾਨੂੰ ਲੋੜ ਹੈ ਬੱਸ ਹੁਣ ਠੀਕ ਗ਼ੁਜ਼ਾਵਾਂ ਦੀ,
ਸਾਡੇ ਕੋਲੋਂ ਦੂਰ ਦੁਵਾਵਾਂ ਰਹਿਣ ਦਿਓ।

ਜੇ ਨਫ਼ਰਤ ਦੀ ਧੁੱਪ ਦਾ ਰਾਜ ਮੁਕਾਣਾ ਏ,
ਇਸ ਧਰਤੀ ਤੇ ਪਿਆਰ ਘਟਾਵਾਂ ਰਹਿਣ ਦਿਓ।

ਬੱਚਿਆਂ ਦੀ ਗੱਲ ਕੁਦਰਤ ਛੇਤੀ ਮੰਨਦੀ ਏ,
ਇਹਨਾਂ ਦੇ ਮੂੰਹ ਨੇਕ ਦੁਆਵਾਂ ਰਹਿਣ ਦਿਓ।

ਫਸਲਾਂ ਦੀ ਥਾਂ ਅਸਲਾ ਵੇਚਣ ਲੱਗ ਪਏ ਓ,
ਦੁਨੀਆ ਤੇ ਕੁਝ ਅਮਨ-ਸਰਾਵਾਂ ਰਹਿਣ ਦਿਓ।

'ਆਦਲ' ਸਾਹਿਬ ਤੁਹਾਡੀ ਕਿਹਨੇ ਸੁਣਨੀ ਏ,
ਛੱਡ ਦੇਵੋ ਸਰਕਾਰ, ਸਦਾਵਾਂ ਰਹਿਣ ਦਿਓ।

### 2.

ਕੱਲਰ ਵਿਚ ਗੁਲਾਬ ਉਗਾਣਾ ਚਾਹੁਨਾ ਵਾਂ।
ਮੈਂ ਧਰਤੀ ਦਾ ਰੂਪ ਸਜਾਣਾ ਚਾਹੁਨਾ ਵਾਂ।

ਹਰ ਬੰਦੇ ਦੇ ਦੁਖ ਦਰਦਾਂ ਵਿਚ ਸਾਂਝ ਮਿਰੀ,
ਹਰ ਬੰਦੇ ਦਾ ਭਾਰ ਵੰਡਾਣਾ ਚਾਹੁਨਾ ਵਾਂ।



ਮੈਨੂੰ ਨਹੀਂ ਦਰਕਾਰ ਸਹਾਰੇ ਜੀਵਣ ਲਈ,
ਆਪਣੀ ਕਿਸਮਤ ਆਪ ਬਣਾਨਾ ਚਾਹੁਨਾ ਵਾਂ।

ਮੈਂ ਸੋਚਾਂ ਦੇ ਹੀਰੇ ਲੱਭਣ ਟੁਰਿਆ ਵਾਂ,
ਹਰ ਅਮਕਾਨ ਤੋਂ ਅੱਗੇ ਜਾਣਾ ਚਾਹੁਨਾ ਵਾਂ।

ਜਿਸ ਦੇ ਸਾਹਵੇਂ ਹਰ ਫ਼ਨ ਆਜਿਜ਼ ਹੋ ਜਾਵੇ.
ਕੁਝ ਐਸੇ ਸ਼ਾਹਕਾਰ ਬਣਾਨਾ ਚਾਹੁਨਾ ਵਾਂ।

ਮੇਰਾ ਰੰਗ ਤੇ ਲਹਿਜਾ ਸਭ ਤੋਂ ਵੱਖਰਾ ਏ,
ਵੱਖ ਆਪਣੀ ਪਹਿਚਾਣ ਬਣਾਉਣਾ ਚਾਹੁਨਾ ਵਾਂ।

ਸੱਚ ਦਾ ਮੋਹਰਾ 'ਵਾ ਦੇ ਕੰਨੀਂ ਘੋਲ ਰਿਹਾਂ,
ਹਰ ਥਾਂ ਆਪਣੀ 'ਵਾਜ ਪਹੁੰਚਾਣੀ ਚਾਹੁਨਾ ਵਾਂ।

ਮੈਨੂੰ ਪਤਾ ਏ ਸੱਚੀ ਗੱਲ ਕੋਈ ਸੁਣਦਾ ਨਾ,
ਫਿਰ ਵੀ ਮੈਂ ਆਵਾਜ਼ ਉਠਾਉਣਾ ਚਾਹੁਨਾ ਵਾਂ।

'ਆਦਲ' ਮੈਂ ਤੇ ਹਰ ਅਫਸੁਰਦਾ ਦਿਲ ਅੰਦਰ,
ਉਮੀਦਾਂ ਦੀ ਜੋਤ ਜਗਾਉਣਾ ਚਾਹੁਨਾ ਵਾਂ।

(ਕੱਲਰ ਵਿਚ ਗੁਲਾਬ, ਵਿਚੋਂ)

## ਇੱਕ ਨਾਮੁਕੰਮਲ ਗ਼ਜ਼ਲ / ਫ਼ਖ਼ਰ ਜ਼ਮਾਨ

ਸਾਨੂੰ ਡਾਢਾ ਲੋੜੀਂਦਾ ਏ ਅੱਜ ਇੱਕ ਦੁੱਲਾ ਭੱਟੀ ਹੋਰ,
ਭੰਨੇ ਕਿੰਗਰੇ ਦਿੱਲੀ ਦੇ ਤੇ ਭਾਜੜ ਪਾਵੇ ਤਖ਼ਤ ਲਾਹੌਰ।

ਅੱਜ ਦੀ ਰਾਤੀ ਜਾਗਦੇ ਰਹਿਣਾ ਲੋਕੋ ਉੱਕਾ ਅੱਖ ਨਾ ਲੱਗੇ,
ਚੋਰ ਤੇ ਕੁੱਤੀ ਰਲ ਮਿਲ ਗਏ ਨੇ, ਵਧਿਆ ਸੰਨ੍ਹ ਦਾ ਖ਼ਤਰਾ ਹੋਰ।

ਮੇਰੇ ਦੇਸ਼ ਦੇ ਬੰਦੀਵਾਨੋ, ਧੰਮੀ ਵੇਲਾ ਹੋਇਆ ਜੇ,
ਜ਼ੁਲਮ ਦੀ ਕੰਧ ਹੁਣ ਉੱਲਰ ਪਈ ਜੇ, ਲਾਓ ਥੋੜ੍ਹਾ ਜਿਹਾ ਜ਼ੋਰ।

## ਅਖ਼ਲਾਕ ਆਤਿਫ਼

1.

ਹਕੀਕਤ ਸਾੜ ਦੇਨੇ ਹਾਂ, ਫਸਾਨੇ ਵੇਚ ਦੇਨੇ ਹਾਂ।
ਅਸੀਂ ਮਿੱਟਾਂ ਦੇ ਮੁੱਲ ਆਪਣੇ ਜ਼ਮਾਨੇ ਵੇਚ ਦੇਨੇ ਹਾਂ।

ਕਦੇ ਰਸਮਾਂ ਦੇ ਫੱਟੇ ਚਾੜ੍ਹ ਦੇਨੇ ਹਾਂ ਮੁਹੱਬਤਾਂ ਨੂੰ,
ਕਦੇ ਗਰਜ਼ਾਂ ਲਈ ਗੂੜ੍ਹੇ ਯਰਾਨੇ ਵੇਚ ਦੇਨੇ ਹਾਂ।

ਕਦੇ ਚੰਨ ਵੇਚ ਕੇ ਲੈਨੇ ਹਾਂ, ਹਨੇਰੀ ਰਾਤ ਦੀ ਬੁੱਕਲ,
ਕਦੇ ਘਰ ਨੂੰ ਵੀ ਸਾਂਭਣ ਦੇ ਬਹਾਨੇ ਵੇਚ ਦੇਨੇ ਹਾਂ।

ਕਿਸੇ ਦੇ ਸਾਜ਼ ਲਈ ਰੱਖਦੇ ਹਾਂ ਆਪਣੀ 'ਵਾਜ ਨੂੰ ਗਿਰਵੀ,
ਕਿਸੇ ਦੇ ਗੀਤ ਲਈ ਆਪਣੇ ਤਰਾਨੇ ਵੇਚ ਦੇਨੇ ਹਾਂ।

ਬਦਲਦੇ ਹਾਂ ਬਿਆਨਾਂ ਨੂੰ ਮੁਕਰਦੇ ਹਾਂ ਕੁਰਮਾਨਾਂ ਤੋਂ,
ਲਿਖਤ ਨੂੰ ਪਾੜ ਦੇਨੇ ਹਾਂ, ਬਿਆਨੇ ਵੇਚ ਦੇਨੇ ਹਾਂ।

ਤਾਰੀਖ਼ ਏਹੋ ਈ ਦੱਸਦੀ ਏ, ਸਿਖ਼ਰ ਤੇ ਜੰਗ ਜਦ ਹੋਵੇ,
ਬੰਦੂਕਾਂ ਤੋੜ ਦੇਨੇ ਹਾਂ, ਨਿਸ਼ਾਨੇ ਵੇਚ ਦੇਨੇ ਹਾਂ।

2.

ਸੌਂ ਗਿਆ ਰੋ ਰੋ ਕਦੇ ਹੱਸ ਹੱਸ ਕੇ ਦੋਹਰਾ ਹੋ ਗਿਆ।
ਮੈਂ ਕਿਸੇ ਦੀ ਯਾਦ ਅੰਦਰ ਸਭ ਤੋਂ ਵੱਖਰਾ ਹੋ ਗਿਆ।

ਵਕਤ ਦਾ ਕੋਈ ਵੀ ਫੇਹਾ ਕਰ ਨਹੀਂ ਸਕਦਾ ਅਸਰ,
ਫੱਟ ਕਿਸੇ ਦੇ ਹਿਜਰ ਦਾ ਐਨਾ ਕੁ ਗਹਿਰਾ ਹੋ ਗਿਆ।

ਮਨ ਦੇ ਸ਼ੀਸ਼ੇ ਕਾਲਿਆਂ ਪੱਥਰਾਂ ਤੋਂ ਵੱਧ ਕਾਲੇ ਹੋ ਗਏ,
ਜਿਸਮ ਕਾਲੇ ਰੰਗ ਦਾ ਭਾਵੇਂ ਸੁਨਹਿਰਾ ਹੋ ਗਿਆ।

ਆਪਣਿਆਂ ਕੌਲਾਂ ਦੀ ਰਾਖੀ ਵੀ ਨਾ ਜਿਹੜੇ ਕਰ ਸਕੇ,
ਸਾਡੀਆਂ ਸੋਚਾਂ ਤੇ ਹੁਣ ਉਹਨਾਂ ਦਾ ਪਹਿਰਾ ਹੋ ਗਿਆ।

ਪੀ ਕੇ ਲਹੂ ਇਸ ਦੇਸ ਦੇ ਇਕ ਦਰਦਮੰਦ ਇਨਸਾਨ ਦਾ,
ਮੁਨਸਫਾਂ ਦਾ ਵਹਿਸ਼ੀਆਂ ਦੇ ਵਾਂਗ ਚਿਹਰਾ ਹੋ ਗਿਆ।

ਮੈਂ ਤੇ ਇੱਕ ਅੱਥਰੂ ਹਾਂ 'ਆਤਿਫ਼' ਰੁਲ ਗਿਆ ਮਿੱਟੀ ਦੇ ਵਿਚ,
ਫੁੱਲ ਸੀ ਉਹ, ਜੋ ਕਿਸੇ ਦੇ ਸਿਰ ਦਾ ਸਿਹਰਾ ਹੋ ਗਿਆ।



## ਅਕਰਮ ਸ਼ੇਖ

ਜਦੋਂ ਕਦੇ ਵੀ ਸਫ਼ਰ ਸਿਤਾਰਾ ਚਮਕੇਗਾ।
ਪੈਰਾਂ ਹੇਠਾਂ ਹਰ ਇੱਕ ਰਸਤਾ ਚਮਕੇਗਾ।

ਜਿਸ ਦਿਨ ਧਰਤੀ ਆਪਣਾ ਰੰਗ ਵਟਾਵੇਗੀ,
ਨੇਜ਼ਿਆਂ ਉੱਤੇ ਲਹੂ ਦਾ ਕਤਰਾ ਚਮਕੇਗਾ।

ਸਦੀਆਂ ਪਹਿਲੇ ਜੰਦਰੇ ਲੱਗੀਆਂ ਜੀਭਾਂ ਨੂੰ,
ਤਿਲ ਤਿਲ ਮਰਿਆ ਹੋਇਆ ਕਲਮਾ ਚਮਕੇਗਾ।

ਸ਼ਾਮਾਂ ਵੇਲੇ ਵੇਖ ਕੇ ਸੂਰਤ ਅੰਬਰ ਦੀ,
ਕੰਧਾਂ ਉੱਤੇ ਰੱਖਿਆ ਦੀਵਾ ਚਮਕੇਗਾ।

ਅਕਸਰ ਤਲੀ ਤੇ ਜੁਗਨੂੰ ਫੜ ਕੇ ਸੋਚ ਰਿਹਾਂ,
ਕਦੀ ਤੇ ਸੂਰਜ ਸਾਹਵੇਂ ਤਾਰਾ ਚਮਕੇਗਾ।

ਏਸੇ ਲਈ ਤੇ ਅੱਖਾਂ ਰਾਹੀਂ ਰੱਖੀਆਂ ਨੇ,
ਖ਼ੌਰੇ ਕਿਹੜੇ ਵੇਲੇ ਸਾਇਆ ਚਮਕੇਗਾ।

ਉਹਦੇ ਵਸਲ ਦੀ ਇੱਛਾ ਲੈ ਕੇ ਅਕਰਮ ਜੀ,
ਚਾਨਣ ਦੀ ਬੁੱਕਲ ਵਿਚ ਦਰਿਆ ਚਮਕੇਗਾ।

## ਪ੍ਰੋ. ਆਸ਼ਕ ਰਹੀਲ

ਰੋਗ ਅਵੱਲੇ ਦਿਲ ਨੂੰ ਹੋਣ ਤੇ ਕੀ ਕਰੀਏ।
ਚੁੱਪ-ਚੁਪੀਤੇ ਅੱਖਾਂ ਰੋਣ ਤੇ ਕੀ ਕਰੀਏ।

ਅਸਾਂ ਤੇ ਸੀਨਾ ਖੋਲ੍ਹ ਵਿਖਾਇਆ ਸੱਜਣ ਨੂੰ,
ਦਾਗ਼ ਦਿਲਾਂ ਦੇ ਉਹ ਨਾ ਧੋਣ ਤੇ ਕੀ ਕਰੀਏ।

ਕਾਵਾਂ ਦੇ ਵਸ ਪੈ ਗਏ ਹਾਂ ਅਨਭੋਲ ਅਸੀਂ,
ਹੱਥੋਂ ਆ ਕੇ ਰੋਟੀ ਖੋਹਣ ਤੇ ਕੀ ਕਰੀਏ।

ਜਿਹੜੇ ਆਣ ਲੁਟੇਰੇ ਬਾਹਰੋਂ ਡੱਕ ਲਏ,
ਜੇਕਰ ਆਪਣੇ ਉੱਠ ਖਲੋਣ ਤੇ ਕੀ ਕਰੀਏ।

ਕਿੰਝ ਅਦਾਵਾਂ ਸਾਡੇ ਸੋਹਣੇ ਯਾਰ ਦੀਆਂ,
ਜੁੱਸਾ ਨੇਜ਼ੇ ਵਿਚ ਪਰੋਣ ਤੇ ਕੀ ਕਰੀਏ।

ਨਾਦਾਰਾਂ ਨੂੰ ਵੰਡਣ ਵਾਲੀਆਂ ਉਹ ਸ਼ੈਆਂ,
ਮੁੜ ਮੁੜ ਅਪਣੇ ਘਰ ਨੂੰ ਢੋਣ ਤੇ ਕੀ ਕਰੀਏ।

ਸਾਡਾ ਵੀ ਦਿਲ ਕਰਦਾ ਹੱਸਣ ਖੇਡਣ ਨੂੰ,
ਦੁੱਖ ਬਾਲਾਂ ਦੇ ਰੂਹ ਨੂੰ ਕੋਹਣ ਤੇ ਕੀ ਕਰੀਏ।

ਰਹਿੰਦੀ ਏ ਸੱਜਣ ਨੂੰ ਮਿਲਣ ਦੀ ਤਾਂਘ 'ਰਹੀਲ',
ਦੋਖੀ ਅੱਗੇ ਪਿੱਛੇ ਹੋਣ ਤੇ ਕੀ ਕਰੀਏ।

## ਆਦਿਲ ਯਜ਼ਦਾਨੀ

ਮੈਨੂੰ ਕੀ ਜੇ ਨੀਵੀਂ ਏ ਜਾਂ ਉੱਚੀ ਜ਼ਾਤ ਹਨੇਰੇ ਦੀ।
ਮੈਂ ਸੂਰਜ ਵਾਂ, ਮੇਰੇ ਅੱਗੇ, ਕੀ ਔਕਾਤ ਹਨੇਰੇ ਦੀ।

ਚੰਨ, ਤਾਰੇ ਤੇ ਜੁਗਨੂੰ ਜਿਹੜੇ, ਤੋਹਫ਼ਿਆਂ ਦੇ ਵਿਚ ਘੱਲਦੇ ਸਨ,
ਉਹਨਾਂ ਯਾਰਾਂ ਅੱਜ ਘੱਲੀ ਏ, ਕੀ ਸੌਗਾਤ ਹਨੇਰੇ ਦੀ।

ਅਣਖੀ ਬੰਦਾ, ਦੁਸ਼ਮਣ ਤੇ ਸ਼ਬ ਖ਼ੂਨ ਕਦੇ ਨਹੀਂ ਮਾਰੇਗਾ,
ਲੁਹ ਲੈਂਦਾ ਏ ਚੋਰ, ਉਚੱਕਾ ਤੇ ਕਮਜ਼ਾਤ ਹਨੇਰੇ ਦੀ।

ਵੇਲਾ ਫੇਰ ਕਤਰ ਦੇਵੇਗਾ, ਪਰ ਚਾਨਣ ਦੇ ਪੰਛੀ ਦੇ,
ਇੰਝ ਲੱਗਦਾ ਏ ਚੱਲ ਜਾਵੇਗੀ ਫਿਰ ਅੱਜ ਕਾਤ ਹਨੇਰੇ ਦੀ।

ਫੇਰ ਗਵਾਇਆ ਐਵੇਂ ਚਿੱਟੇ ਦਿਨ ਦੇ ਚਾਨਣ ਆਪਣਾ ਆਪ,
ਫੇਰ ਨੁਮਾਇੰਦਾ ਬਣ ਬੈਠੀ ਏ ਕਾਲੀ ਰਾਤ ਹਨੇਰੇ ਦੀ।

ਜਿਸ ਮਹਿਫ਼ਲ ਵਿਚ ਜਗਦਾ ਹੋਵੇ, ਦੀਵਾ ਪਿਆਰ ਮੁਹੱਬਤ ਦਾ,
ਉਸ ਮਹਿਫ਼ਲ ਵਿਚ ਬਣਦੀ ਨਹੀਂ ਏ, ਯਾਰੋ ਬਾਤ ਹਨੇਰੇ ਦੀ।

(ਪੰਜਾਬੀ ਸਾਹਿਤ 1997)

## ਆਗ਼ਾ ਨਿਸਾਰ

ਅੱਤ ਹਨੇਰੇ ਰਾਤਾਂ ਦੇ
ਲੰਮੇ ਪੈਂਡੇ ਸਫ਼ਰਾਂ ਦੇ

ਵਾਸਾਂ ਵਾਂਗੂੰ ਵਧਦੇ ਨੇ
ਰੋਜ਼ ਛਲੇਡੇ ਫ਼ਿਕਰਾਂ ਦੇ

ਆਜ਼ਾਦੀ ਦਾ ਰੌਲਾ ਪਾਣ
ਸਾਰੇ ਕੈਦੀ ਖਾਹਸ਼ਾਂ ਦੇ

ਆਪਣੇ ਐਬ ਲੁਕਾਵਣ ਲਈ
ਖਿੱਦੋ ਫੋਲੋ ਲੋਕਾਂ ਦੇ

ਜੇਕਰ ਚੌਧਰ ਰੱਖਣੀ ਏ
ਖੋਹ ਲਓ ਖੇਤ ਕਿਸਾਨਾਂ ਦੇ

ਚੁਗ ਨਹੀਂ ਹੁੰਦੇ 'ਆਗ਼ਾ' ਜੀ
ਖਿਲਰੇ ਮੋਤੀ ਪਲਕਾਂ ਦੇ

(ਵਰ੍ਹੇ ਵਾਰ ਸਾਹਿਤ 1998

## ਮਸੀਤ ਮੰਦਰ

### ਸਾਈਂ ਅਖ਼ਤਰ ਲਾਹੌਰੀ

ਉਹਨਾਂ ਢਾਹੀ ਮਸੀਤ ਤੇ ਬੁਰਾ ਕੀਤਾ
ਬੁਰਾ ਹੋਰ ਹੋਇਆ, ਇਹਨਾਂ ਢਾਹੇ ਮੰਦਰ।

ਮੰਦਰ ਢਾਹੁਣ ਵਾਲੇ ਘਰੀਂ ਜਾ ਸੁੱਤੇ,
ਕਬਜ਼ਾ ਕਰਨ ਵਾਲੇ ਵੜੀ ਜਾਣ ਅੰਦਰ।

ਆਮਦਨ ਵੇਖ ਖ਼ਿਆਲੀ ਪਏ ਇੰਝ ਨੱਚਣ,
ਝੂਲੇ ਕੁੱਜੀ 'ਚ ਵੇਖ ਕੇ ਜਿਵੇਂ ਬੰਦਰ।

ਥੱਲੇ ਹੋਣ ਦੁਕਾਨਾਂ ਮਸੀਤ ਉੱਤੇ,
ਸਾਡੇ ਲਈ ਨੇ ਸਾਂਝੇ ਮਸੀਤ ਮੰਦਰ।



## ਖ਼ਾਲਦ ਅਰਮਾਨ

ਓਹੋ ਦਿਨ ਹੀ ਕਰਮਾਂ ਭਾਗਾਂ ਵਾਲੇ ਸਨ।
ਜਦ ਕੰਧਾਂ ਤੇ ਘਿਓ ਦੇ ਦੀਵੇ ਬਾਲੇ ਸਨ।

ਅੱਖ ਦਰਿਆ ਦੀਆਂ ਤਿੱਖੀਆਂ ਛੱਲਾਂ ਨਾਲ ਗਏ,
ਮੈਂ ਹੋਠਾਂ ਤੇ ਜਿਹੜੇ ਹਾਸੇ ਪਾਲੇ ਸਨ।

ਵਿਛੜਨ ਵੇਲੇ ਮੈਂ ਵੀ ਰੋਣਾ ਚਾਹੁੰਦਾ ਸਾਂ,
ਮੈਂ ਤਾਂ ਹੱਸ ਕੇ ਉਹਦੇ ਅੱਥਰੂ ਟਾਲੇ ਸਨ।

ਅੱਜ ਦੇ ਬੱਚੇ ਕੱਲ ਨੂੰ ਏਹੋ ਆਖਣਗੇ,
ਸਾਡੇ ਵੱਡੇ ਕਾਲਖ਼ ਦੇ ਰਖਵਾਲੇ ਸਨ।

ਅੱਜ ਵੀ ਹਰ ਮਨਸੂਰ ਦੀ ਮੰਗ ਏ ਸੂਲੀ ਦੀ,
ਕੱਲ ਵੀ ਸੱਚ ਦੇ ਹੱਥੀਂ ਜ਼ਹਿਰ ਪਿਆਲੇ ਸਨ।

(ਪੰਜਾਬੀ ਸਾਹਿਤ 1998)

## ਬਾਬਾ ਨਜ਼ਮੀਂ

ਉੱਠ ਓਏ ਬਾਬਾ ਆਪਣੀ ਜੂਹ ਤੇ ਦੁੱਖ ਦਾ ਦੀਵਾ ਬਾਲ।
ਟੁੱਕਰ ਵੰਡਣ ਵਾਲੇ ਅੱਗੇ ਭੁੱਖ ਦਾ ਦੀਵਾ ਬਾਲ।

ਖ਼ੌਰੇ ਕੋਈ ਭੁੱਲਿਆ ਪੰਖੀ, ਏਧਰ ਆ ਈ ਜਾਵੇ,
ਧੁੱਪਾਂ, ਸੜੀਆਂ ਰੇਤਾਂ ਵਿਚ ਵੀ, ਰੁੱਖ ਦਾ ਦੀਵਾ ਬਾਲ।

ਅਸੀਂ ਵੀ ਤੇਰੇ ਆਦਮ ਜਾਏ ਉੱਤੋਂ ਤੇ ਨਹੀਂ ਡਿੱਗੇ,
ਝੁੱਗੀਆਂ ਵਿਚ ਵੀ ਕਦੇ ਕਦਾਈਂ ਸੁੱਖ ਦਾ ਦੀਵਾ ਬਾਲ।

ਖ਼ੌਰੇ ਉੱਜੜੇ ਘਰ ਦੇ ਆਲੇ ਜੱਗ ਨੂੰ ਚੰਗੇ ਲੱਗਣ,
ਸਾਡੇ ਨੈਣਾਂ ਵਿਚ ਵੀ ਆਪਣੇ ਮੁੱਖ ਦਾ ਦੀਵਾ ਬਾਲ।

## ਰਿਆਜ਼ ਅਹਿਮਦ ਸ਼ਾਦ

ਜੰਗਲਾਂ ਦਾ ਪੰਧ ਮੁੱਕੇ ਤੇ ਘਰਾਂ ਨੂੰ ਵੇਖੀਏ।
ਖ਼ੈਰ ਬਹਿ ਕੇ ਪਿੰਡੇ ਚੁੱਭੀਆਂ ਛਿਲਤਰਾਂ ਨੂੰ ਵੇਖੀਏ।

ਕਾਫ਼ਰਾਂ ਕਰਤੂਤ, ਮੋਮਨ ਸ਼ਕਲ ਵਾਲੇ ਵੇਖ ਲਏ,
ਚੱਲ ਹੁਣ ਮੋਮਨ ਦਿਲਾਂ ਜਿਹੇ ਕਾਫ਼ਰਾਂ ਨੂੰ ਵੇਖੀਏ।

ਪੰਛੀਆਂ ਤੋਂ ਦੇਸ ਦਾ ਅਸਮਾਨ ਖ਼ਾਲੀ ਹੋ ਗਿਆ,
ਪਿੰਜਰਿਆਂ ਨੂੰ ਵੇਖੀਏ, ਟੁੱਟੇ ਪਰਾਂ ਨੂੰ ਵੇਖੀਏ।

ਰਾਤ ਨੂੰ ਪਹੁੰਚੇ ਸਾਂ ਓਥੇ ਮੂੰਹ ਹਨੇਰੇ ਟੁਰ ਪਏ,
ਦਿਲ ਇਹ ਕਰਦੈ ਚਾਨਣੇ ਵਿਚ ਉਸ ਸਰਾਂ ਨੂੰ ਵੇਖੀਏ।

ਏਨੀ ਸੋਹਣੀ ਜ਼ਿੰਦਗੀ ਸਦੀਆਂ ਖਰਾਦੀ ਏ ਜਿਨ੍ਹਾਂ,
ਆ ਅਜਾਇਬਘਰ ਉਨ੍ਹਾਂ ਕਾਰੀਗਰਾਂ ਨੂੰ ਵੇਖੀਏ।

ਹਰ ਤਰ੍ਹਾਂ ਦੇ ਲੋਕਾਂ ਵਿਚ ਇਕੋ ਤਰ੍ਹਾਂ ਦੇ ਲੋਕ ਨੇ,
ਇਸ ਤਰਾਂ ਨੂੰ ਵੇਖੀਏ ਯਾਂ ਉਸ ਤਰਾਂ ਨੂੰ ਵੇਖੀਏ।

ਲੰਘ ਗਈ ਬਰਸਾਤ ਤੇ ਪਰਦੇਸ ਵਿਚ ਹੀ ਰਹਿੰਦਿਆਂ,
'ਸ਼ਾਦ' ਹੁਣ ਚੱਲੀਏ ਤੇ ਚਲ ਆਪਣੇ ਘਰਾਂ ਨੂੰ ਵੇਖੀਏ।

## ਇਕਬਾਲ ਸ਼ੈਦਾ

ਮੇਰਾ ਤੇ ਓਸ ਸ਼ਖ਼ਸ ਦਾ ਰਿਸ਼ਤਾ ਅਜੀਬ ਏ।
ਦੁਸ਼ਮਣ ਏ ਮੇਰਾ ਪਰ ਮਿਰੇ ਸਭ ਤੋਂ ਕਰੀਬ ਏ।

ਉਹਦੇ ਲਬਾਂ ਤੇ ਨਾਮ ਕੀ ਮੇਰਾ ਏ ਆ ਗਿਆ,
ਸਾਰਾ ਜ਼ਮਾਨਾ ਹੋ ਗਿਆ ਮੇਰਾ ਰਕੀਬ ਏ।

ਭਰਿਆ ਹਕੀਕਤਾਂ ਦਾ ਰੰਗ ਇਸ ਵਿਚ ਜੀਆਲਿਆਂ,
ਜਿਹੜੇ ਉਲੀਕਦਾ ਰਿਹਾ ਸੁਫ਼ਨੇ ਅਜੀਬ ਏ।

ਮੇਰੇ ਚੁਫ਼ੇਰੇ ਬਾਲਦਾ ਏ ਨਫ਼ਰਤਾਂ ਦੀ ਅੱਗ,
ਇੰਜ ਅਪਣਾ ਸੀਨਾ ਠਾਰਦਾ ਮੇਰਾ ਹਬੀਬ ਏ।

ਚੁਪ ਦੇ ਹਨੇਰ ਡੁੱਬਿਆ ਸਚਿਆਈਆਂ ਦਾ ਸ਼ਹਿਰ,
ਜਿਸ ਦਿਨ ਤੋਂ ਚੌਕ ਚੌਕ ਵਿਚ ਗੱਡੀ ਸਲੀਬ ਏ।

'ਸ਼ੈਦਾ' ਹੁਣ ਆਸ ਰਹਿ ਗਈ ਅੱਲਾਹ ਦੇ ਆਸਰੇ,
ਹੈ ਰੋਗ ਲਾ-ਇਲਾਜ, ਅਨਾੜੀ ਤਬੀਬ ਏ।



## ਤਾਲਿਬ ਜਤੋਈ

ਮੈਂ ਤੇ ਸਮਝਾਂ, ਚੁੰਮਦੀ ਪਈ ਏ ਮੇਰੇ ਵਾਲ ਹਵਾ।
ਸਿਰ ਮੇਰੇ ਪਰ ਮਿੱਟੀ ਪਾ ਗਈ, ਬੁੱਕਾਂ ਨਾਲ ਹਵਾ।

ਪਹਿਲਾਂ ਖੋਹ ਕੇ ਲੈ ਗਈ ਮੈਥੋਂ ਮੇਰੀ ਅੱਲ੍ਹੜ ਸੋਚ,
ਮੁੜ ਕੇ ਮੇਰੇ ਉੱਤੇ ਪਾ ਗਈ, ਚੁੱਪ ਦਾ ਜਾਲ ਹਵਾ।

ਜਿਹੜੇ ਵੇਲੇ ਵੀ ਕੀਤਾ ਏ, ਮੈਂ ਇਸਦਾ ਇਤਬਾਰ,
ਮੇਰੇ ਨਾਲ ਤੇ ਉਸੇ ਵੇਲੇ ਚੱਲ ਗਈ ਚਾਲ ਹਵਾ।

ਫਿਰ ਇਹ ਹੋਇਆ ਸਮਝ ਗਿਆ ਮੈਂ, ਜਦੋਂ ਹਵਾ ਦਾ ਭੇਤ,
ਮੈਥੋਂ ਦੂਰ ਖਲੋ ਗਈ ਜਾ ਕੇ, ਮਾਰ ਕੇ ਛਾਲ ਹਵਾ।

ਇਹ ਤੇ ਪਲ ਦੋ ਪਲ ਦੀ ਗੱਲ ਏ, ਇਹਦਾ ਕਰ ਨਾ ਮਾਣ,
ਝੱਲਿਆ ਕਿੱਦਣ ਤਾਈਂ ਰਹਿਸੀ ਤੇਰੇ ਨਾਲ ਹਵਾ।

ਸਾਡੇ ਲਈ ਜੇ ਕਦੇ ਨਾ ਆਉਣੀ ਖ਼ੁਸ਼ਬੋਆਂ ਦੀ ਰੁੱਤ,
ਝੂਠੇ ਲਾਰੇ ਲਾ ਜਾਂਦੀ ਏ, ਕਿਉਂ ਹਰ ਸਾਲ ਹਵਾ?

ਅੱਖਾਂ ਵਿਚ ਪਿਆ ਏ ਘੱਟਾ, ਇੰਜ ਉੱਡੀ ਏ ਧੂੜ,
ਕੀ ਦੱਸਾਂ ਮੈਂ ਕਰ ਗਈ ਕੇਡਾ, ਭੈੜਾ ਹਾਲ ਹਵਾ।

'ਤਾਲਿਬ' ਤੂੰ ਈ ਦੱਸਦੇ ਮੈਨੂੰ, ਬੰਨ੍ਹ ਸਕੇਗਾ ਕੌਣ?
ਕੀਤਾ ਮੇਰੇ ਅੱਗੇ ਏਹੋ ਰਾਤ ਸਵਾਲ ਹਵਾ।

(ਮਾਂ-ਬੋਲੀ ਮਾਸਿਕ ਲਾਹੌਰ, ਮਾਰਚ 95 'ਚੋਂ)

## ਤਾਰਿਕ ਗੋਜਰ ਫਤਿਹਪੁਰੀਆ

ਜੁੱਸਿਆਂ ਉੱਤੇ ਨੀਲ ਪਏ ਨੇ, ਰੂਹਾਂ ਅੰਦਰ ਖੱਡੇ,
ਮੋਇਆਂ ਦੇ ਦੁੱਖ ਭੁੱਲ ਜਾਂਦੇ ਨੇ, ਧਰਤੀ ਦੇ ਦੁੱਖ ਵੱਡੇ।

ਧਰਮ ਛਵੀ ਨੇ ਮੇਰੇ ਦੇਸ਼ ਦੀ, ਹਿੱਕ ਤੇ ਲਕੀਰ ਪਾ ਕੇ,
ਸਾਰੇ ਵਸਨੀਕਾਂ ਦੇ ਜੁੱਸੇ, ਲਹੂ ਲਹੂ ਕਰ ਛੱਡੇ।

ਖ਼ੌਰੇ ਕਿਹਦੀ ਨਜ਼ਰ ਸੀ ਖਾ ਗਈ, ਹੱਸਦੇ ਵਸਦੇ ਘਰ ਨੂੰ,
ਵਿਹੜੇ ਵਿਚ ਖਲੋ ਕੇ ਭਾਈਆਂ, ਭਾਈਆਂ ਦੇ ਗਲ ਵੱਢੇ।

ਏਸ ਧਰਤੀ ਤੇ ਦਿਨੇ ਦੁਪਹਿਰੇ, ਅਜਬ ਤਮਾਸ਼ਾ ਹੋਇਆ,
ਘਰ ਦੇ ਮਾਲਕ ਘਰ ਵਿਚ ਆਕੇ, ਲੋਕਾਂ ਘਰ 'ਚੋਂ ਕੱਢੇ।

ਸੜਦੇ ਬਲਦੇ ਥਲ ਮਾਰੂ ਵਿਚ, ਖ਼ੌਰੇ ਕੀ ਸੀ ਜਾਦੂ,
ਲੋਕਾਂ ਰੇਤ 'ਚ ਘਰ ਪਾਵਣ ਲਈ, ਮਹਿਲ ਮੁਨਾਰੇ ਛੱਡੇ।

'ਤਾਰਕ' ਸਮੇਂ ਤੋਂ ਬਾਗ਼ੀ ਹੋਇਆ, ਇਹ ਗੱਲ ਜਾਣੇ ਬੁੱਝੇ,
ਜਿਹੜੇ ਵੇਲੇ ਨਾਲ ਨੇ ਟੁਰਦੇ, ਉਹੋ ਸਭ ਤੋਂ ਵੱਡੇ।

(ਲਹਿਰਾਂ, ਲਾਹੌਰ ਫਰਵਰੀ 95)

## ਬਾਬਾ ਮਹਿਮੂਦ ਤੁਫ਼ੈਲ ਅਕਬਰ

ਬੜੀਆਂ ਤੱਤੀਆਂ ਧੁੱਪਾਂ ਦੇ ਸਾੜ ਝੱਲੇ,
ਹੁਣ ਤੇ ਸਰਦ ਹਵਾਵਾਂ 'ਚੋਂ ਸੇਕ ਆਉਂਦਾ।
ਜਿਹੜੇ ਸਾਹਾਂ ਦੇ ਨਾਲ ਸੀ ਸਾਹ ਲੈਂਦੇ,
ਉਹਨਾਂ ਭੈਣ ਭਰਾਵਾਂ 'ਚੋਂ ਸੇਕ ਆਉਂਦਾ।

ਅੱਲਾ ਕਰੇ ਤੇ ਫਿਰ ਉਹ ਵਕਤ ਆਵੇ,
ਫੇਰ ਮਾਣੀਏ ਮੌਜ ਬਹਾਰ ਓਹੋ
ਹੁਣ ਤੇ ਜਿਹੜੇ ਵੀ ਰੁੱਖਾਂ ਦੇ ਹੇਠ ਜਾਈਏ,
ਉਹਨਾਂ ਰੁੱਖਾਂ ਤੇ ਛਾਵਾਂ 'ਚੋਂ ਸੇਕ ਆਉਂਦਾ।

ਜਿੱਥੇ ਅਮਨ ਕਮੇਟੀਆਂ ਬਹਿੰਦੀਆਂ ਸੀ
ਜਿੱਥੇ ਵਿਹੰਦੇ ਸਾਂ ਅਸੀਂ ਇਤਫ਼ਾਕ ਹੁੰਦੇ,
ਹੁਣ ਤੇ ਉਥੇ ਵੀ ਜ਼ੁਲਮ ਨੇ ਅੱਤ ਚੁੱਕੀ,
ਅੱਜ ਤੇ ਉਹਨਾਂ ਵੀ ਥਾਵਾਂ 'ਚੋਂ ਸੇਕ ਆਉਂਦਾ।

ਖਾਧੇ ਘੁਣ ਦੇ ਖੋਖਲੇ ਜੁੱਸਿਆਂ ਤੇ
ਕਦੋਂ ਤੀਕ ਖਲੋਤਿਆਂ ਹੈ ਰਹਿਣਾ
ਮੂੰਹ-ਜ਼ੋਰ ਮਹਿੰਗਾਈ ਨੇ ਢਾਹ ਲਿਆ ਏ,
ਹੁਣ ਤੇ ਆਪਣੇ ਸਾਹਾਂ 'ਚੋਂ ਸੇਕ ਆਉਂਦਾ।

ਰਿਸ਼ਤੇਦਾਰ ਜੋ ਮਿਲਦੇ ਸੀ ਨਾਲ ਚਾਵਾਂ
ਜਿਨ੍ਹਾਂ ਆਉਣ ਦੀ ਰਹਿੰਦੀ ਉਡੀਕ ਹੈ ਸੀ,
ਵੇਖੋ ਉਹਨਾਂ ਵੀ ਅੱਖੀਆਂ ਬਦਲ ਲਈਆਂ,
ਹੁਣ ਤੇ ਉਹਨਾਂ ਦੇ ਰਾਹਵਾਂ 'ਚੋਂ ਸੇਕ ਆਉਂਦਾ।

ਬੀਆਂ ਬਾਨਾਂ 'ਚੋਂ ਅੱਗੇ ਸੀ ਖ਼ੌਫ਼ ਆਉਂਦਾ
ਖ਼ਤਰਨਾਕ ਹੈ ਸੀ ਰਸਤੇ ਜੰਗਲਾਂ ਦੇ,
ਅੱਜ ਦੇ ਘਰਾਂ ਦੇ ਵਿਚ ਨੇ ਕਤਲ ਹੁੰਦੇ
ਹੁਣ ਤੇ ਸ਼ਹਿਰਾਂ ਗਰਾਵਾਂ 'ਚੋਂ ਸੇਕ ਆਉਂਦਾ।

ਜਿਨ੍ਹਾਂ ਨਾਲ ਬਾਹਵਾਂ 'ਅਕਬਰ' ਪਾ ਜੱਫੀ
ਸੀਨੇ ਆਪਣੇ ਨੂੰ ਅਸੀਂ ਠਾਰਦੇ ਸਾਂ
ਅੱਜ ਤੇ ਨਫ਼ਰਤਾਂ ਭਰ ਗਈਆਂ ਦਿਲਾਂ ਅੰਦਰ
ਹੁਣ ਤੇ ਉਹਨਾਂ ਹੀ ਬਾਹਵਾਂ 'ਚੋਂ ਸੇਕ ਆਉਂਦਾ।



## ਤਜੱਮਲ ਕਲੀਮ

ਅੱਖ ਖੋਲ੍ਹੀ ਤੇ ਦੁੱਖਾਂ ਦੇ ਜਾਲ ਵੇਖੇ।
ਉੱਤੋਂ ਹੰਢਦੇ ਜਿੰਦੜੀ ਨਾਲ ਵੇਖੇ।

ਇੱਕ ਇੱਕ ਦਿਹੁੰ ਸੀ ਹਿਜਰ ਦੇ ਸਾਲ ਵਰਗਾ,
ਅਸੀਂ ਦਿਹੁੰ ਨਹੀਂ ਸਾਲਾਂ ਦੇ ਸਾਲ ਵੇਖੇ।

ਤੂੰ ਤਾਂ ਕੀੜੇ ਦੇ ਰਿਜ਼ਕ ਦੀ ਸੋਚ ਬੈਠਾ,
ਅਸੀਂ ਕੱਖਾਂ ਤੋਂ ਵਿਲਕਦੇ ਬਾਲ ਵੇਖੇ।

ਅਸੀਂ ਵੇਖਿਆ ਖ਼ੂਨ ਦਾ ਰੰਗ ਚਿੱਟਾ,
ਅਸੀਂ ਫੁੱਲ ਕਪਾਹਾਂ ਦੇ ਲਾਲ ਵੇਖੇ।

ਏਸ ਝੱਲੇ 'ਕਲੀਮ' ਨੂੰ ਰੋਕ ਯਾਰਾ,
ਇਹਨੂੰ ਆਖ ਸੂ ਵੇਲੇ ਦੀ ਚਾਲ ਵੇਖੇ।

## ਮੁਨੀਰ ਸ਼ਾਦ

ਗਰਮੀ ਖ਼ੂਨ ਦੀ ਹਾਲੀ ਵੀ ਜਾਨ ਵਿਚ ਏ।
ਬਰਫ਼ ਜੰਮੀ ਹੋਈ ਭਾਵੇਂ ਮਕਾਨ ਵਿਚ ਏ।

ਐਵੇਂ ਦੁਨੀਆ ਨੇ ਸ਼ੋਰ ਮਚਾ ਦਿੱਤਾ,
ਤੀਰ ਅਜੇ ਤੇ ਮੇਰੀ ਕਮਾਨ ਵਿਚ ਏ।

ਐਡੇ ਪੋਲੇ ਤਨਾਬਾਂ ਦੇ ਨਹੀਂ 'ਕੱਲੇ,
ਝੱਖੜ ਪਤਾ ਨਹੀਂ ਕਿਹੜੇ ਗੁਮਾਨ ਵਿਚ ਏ।

ਐਵੇਂ ਸੁੱਤੀਆਂ ਪੀੜਾਂ ਨਹੀਂ ਜਾਗ ਪਈਆਂ,
ਜਾਦੂ ਕੋਈ ਤੇ ਉਹਦੀ ਜ਼ੁਬਾਨ ਵਿਚ ਏ।

ਨਹੀਂ ਦਰਦ ਫਰਿਸ਼ਤੇ ਵੰਡਾਣ ਜੋਗੇ,
ਇਹ ਵਸਫ਼ ਤੇ ਸਿਰਫ਼ ਇਨਸਾਨ ਵਿਚ ਏ।

'ਸ਼ਾਦ' ਕੰਢੇ ਤੇ ਤੌਬਾ ਦੀ 'ਵਾਜ ਆਈ,
ਕਿਸ਼ਤੀ ਘਿਰੀ ਹੋਈ ਕੋਈ ਤੂਫ਼ਾਨ ਵਿਚ ਏ।

**(ਹੱਕ, ਲਾਹੌਰ ਅੰਕ ਨੰ. 7 'ਚੋਂ)**

## ਜਾਵੇਦ ਰਾਏ

ਮੈਂ ਆਪਣੀ ਸੋਚ ਨੂੰ ਅਕਸਰ ਸ਼ਿਅਰਾਂ 'ਚ ਢਾਲਦਾ ਰਹਿਨਾ।
ਹਯਾਤੀ ਦੀ ਥਕਨ ਨੂੰ ਐਵੇਂ ਹੱਥ ਦੇ ਟਾਲਦਾ ਰਹਿਨਾ।

ਮੈਂ ਕਦ ਆਜ਼ਾਦ ਹੋਵਾਂਗਾ, ਹਨੇਰੇ ਦੀ ਗ਼ੁਲਾਮੀ ਤੋਂ,
ਮੈਂ ਸੋਚਾਂ ਦੇ ਨਜ਼ਰ 'ਚ ਐਸੇ ਦੀਵੇ ਬਾਲਦਾ ਰਹਿਨਾ।

ਹਯਾਤੀ ਦੇ ਅਮਲ 'ਚ ਰੌਸ਼ਨੀ ਦਾ ਹੱਥ ਵੰਡਾਵਣ ਲਈ,
ਮੈਂ ਆਪਣੀ ਫ਼ਿਕਰ ਦੇ ਖ਼ਰਬਾਂ ਈ ਸੂਰਜ ਜਾਲਦਾ ਰਹਿਨਾ।

ਕੋਈ ਵੀ ਗ਼ਮ ਨਹੀਂ, ਪਰ ਗ਼ਮ ਹੈ ਮੈਨੂੰ ਬਸ ਹਯਾਤੀ ਦਾ,
ਮੈਂ ਏਸੇ ਗ਼ਮ 'ਚ ਗ਼ਮ ਦੇ ਸਾਰੇ ਝੇੜੇ ਪਾਲਦਾ ਰਹਿਨਾ।

ਤੂੰ ਮੰਨੇ ਜਾਂ ਨਾ ਮੰਨੇ ਪਰ ਮੈਂ ਇਹ ਗੱਲ ਦੱਸ ਦਿਆਂ ਤੈਨੂੰ,
ਮੈਂ ਖ਼ਾਬਾਂ 'ਚ ਖ਼ਿਆਲਾਂ 'ਚ ਤੈਨੂੰ ਈ ਭਾਲਦਾ ਰਹਿਨਾ।

## ਵੱਖਰੀ ਦੁਨੀਆ

**ਮੁਮਤਾਜ਼ ਬਲੋਚ**

ਲੋਕੋ! ਸੋਚੋ
ਵੇਖੋ ਸਾਡੇ ਸੱਜੇ ਖੱਬੇ
ਵੱਡੀਆਂ ਵੱਡੀਆਂ ਉੱਚੀਆਂ ਜੇਹਲਾਂ
ਦੋਵੇਂ ਜੇਲਰ ਵੱਡੇ ਡਾਕੂ
ਜਿਨ੍ਹਾਂ ਸਾਨੂੰ ਕੈਦ ਹੈ ਕੀਤਾ
ਦੋਵੇਂ ਸਾਨੂੰ
ਲੁੱਟਣ ਵਾਲੇ, ਕੁੱਟਣ ਵਾਲੇ
ਸਾਡੀ ਸੰਘੀ ਘੁੱਟਣ ਵਾਲੇ
ਸਾਡੇ ਹੱਥਾਂ ਵਿਚ ਹਥਕੜੀਆਂ
ਪੈਰਾਂ ਦੇ ਵਿਚ ਬੇੜੀਆਂ ਪਾਈਆਂ
ਬੁੱਲ੍ਹੀਂ ਚੁੱਪ ਦੇ ਜੰਦਰੇ ਲਾਏ
ਅੱਖਾਂ ਦੇ ਵਿਚ ਧੂੜਾਂ ਪਾ ਕੇ
ਸਾਡੀ ਸੋਚ ਵੀ ਅੰਨ੍ਹੀਂ ਕੀਤੀ
ਸਾਨੂੰ ਰਲ ਕੇ ਰਹਿਣ ਨਾ ਦਿੰਦੇ
ਬਹਿਣ ਨਾ ਦਿੰਦੇ
ਪਹਿਰੇਦਾਰ ਬੰਦੂਕਾਂ ਵਾਲੇ
ਲੋਕੋ! ਸੋਚੋ
ਸਾਡੇ ਨਾਲ ਇਹ ਕੀ ਪਿਆ ਹੁੰਦਾ
ਜੇ ਕਰ ਅਸੀਂ ਸੰਭਾਲਾ ਕਰੀਏ
ਆਪਸ ਵਿਚ ਨਾ ਲੜੀਏ ਮਰੀਏ
ਰਲ ਕੇ ਇਕੋ ਮਿਸ਼ਨ ਬਣਾਈਏ
ਆਜ਼ਾਦੀ ਦਾ ਨਾਹਰਾ ਲਾਈਏ
ਦੋਵੇਂ ਜੇਹਲਾਂ ਢਾਹ ਵਗ੍ਹਾਈਏ
ਵੱਖਰੀ ਦੁਨੀਆ ਆਪ ਬਣਾਈਏ
ਆਪਣੀ ਦੁਨੀਆ ਆਪ ਵਸਾਈਏ।

•••

## ਸਾਲ ਦਾ ਅੰਤਲਾ ਦਿਨ

**ਸ਼ਫ਼ੀਕ ਕੁਰੈਸ਼ੀ**

ਡੁੱਬਦੇ ਸੂਰਜ ਨੂੰ ਜਾਂ ਤੱਕਿਆ
ਇੰਝ ਲੱਗਾ
ਜਿਉਂ ਕਿਰਨਾਂ ਨਹੀਂ ਉਹ ਸੁਰਖ਼ ਸਲਾਖਾਂ ਨੇ
ਪੂਰੀਆਂ ਤਿੰਨ ਸੌ ਪੈਂਠ ਸਲਾਖਾਂ
ਕੱਠੀਆਂ ਹੋ ਕੇ
ਮੇਰੀਆਂ ਅੱਖਾਂ ਦੇ ਵਿਚ ਆ ਕੇ
ਵੱਜੀਆਂ ਨੇ
ਅੱਖਾਂ ਵਿਚੋਂ ਲਹੂ ਦੇ ਕਤਰੇ ਟਪਕੇ ਨੇ
ਇਕ ਇਕ ਕਤਰੇ ਦੇ ਵਿਚ ਗੁਜ਼ਰੇ ਸਾਲ ਦੀਆਂ
ਤਸਵੀਰਾਂ ਨੇ
ਹਰ ਤਸਵੀਰ ਸਵਾਲੀ ਬਣ ਕੇ
ਸੂਰਜ ਵੱਲ ਪਈ ਤੱਕਦੀ ਏ
ਸੂਰਜ ਰੋ ਰੋ ਪੁੱਛਦਾ ਏ
ਭਈ ਮੇਰੀਆਂ ਕੀ ਤਕਸੀਰਾਂ ਨੇ।

(ਵਰ੍ਹੇ ਵਾਰ ਸਾਹਿਤ ਵਿਚੋਂ)

## ਵਾਜੇ / ਨਾਦਰ ਅਲੀ

ਅਸੀਂ ਤੇ ਅੱਜ ਤੱਕ ਨਾ
ਆਪਣੇ ਸਾਹਾਂ ਦੇ ਹੱਕਦਾਰ ਹੋਏ
ਵਾਜੇ ਭੁੱਲਣ-ਹਾਰ ਹੋਏ,
ਅਸੀਂ ਸੱਚੇ ਸੁਰ ਭੁਲਾ ਬੈਠੇ
ਰੌਲਿਆਂ ਦੇ ਅਸੀਂ ਘੇਰੇ ਹੋਏ
ਬੱਧੇ ਉਰਾਰ ਰਹੇ।
ਪੱਤਣਾਂ ਤੇ ਮਲਾਹਾਂ ਦੀਆਂ ਮਿੰਨਤਾਂ ਕਰਦੇ ਰਹੇ
ਵਾਜੇ ਸੁੱਖ ਦੀ ਸੇਜੇ ਸੁੱਤੇ ਪਾਰ ਰਹੇ।
ਏਸ ਕੰਢੇ ਜੋ ਸੁਣਾਇਆ ਗਿਆ
ਸਿਰ ਸੁੱਟ ਕੇ ਸੁਣਿਆਂ
ਬੱਝ ਕੇ ਕਿੱਲਿਆਂ ਕਹਿਰ ਦਿਆਂ
ਕਿੰਝ ਕੁ ਨਾ ਬੇਦੋਸ਼ਿਆਂ ਸੁਣਿਆਂ।
ਕਿੰਝ ਧਗਾਣੇ ਸੁਣਾਇਆ ਲੋਕਾਂ ਸ਼ਹਿਰ ਦਿਆਂ
ਅਸੀਂ ਕੰਨੀ ਬੱਧੀਆਂ
ਚਾ ਚਾ ਫਿਰਦੇ ਰਹੇ ਦਵਾਈਆਂ
ਭੋਰਾ ਭੋਰਾ ਖਾਧੀਆਂ ਚੁਟਕੀਆਂ ਜ਼ਹਿਰ ਦੀਆਂ
ਅਸੀਂ ਮੰਡੂਏ ਰੰਗੇ, ਗ਼ਜ਼ਲੀਂ ਟੰਗੇ
ਮੋਏ ਅੱਜ ਜੂ ਹੋ ਗਏ,
ਜਿਉਂਦਿਆਂ ਨਾਲੋਂ ਚੰਗੇ
ਵਾਜੇ ਵੱਜਦੇ ਆਪੇ
ਵਾਜੇ ਅੰਦਰ ਬਾਹਰ ਕੱਢਣ ਪਾ ਪੁਸ਼ਾਕਾਂ
ਅੱਜ ਵਾਜੇ ਤੱਕਣ ਹਾਰ ਹੋਏ
ਰੌਸ਼ਨ ਗੱਲ ਸੁਣੀ ਸੁਣਾਈ ਏ।
ਫਿਰ ਵੀ ਟਾਂਵੇ ਟਾਂਵੇ ਵਾਜੇ ਅਣਵੱਜੇ
ਲੋਕੀਂ ਡਾਢੀ ਕਸ ਬੁਕਾਰੇ ਗਾਲਦ
ਪਰ ਜੇ ਕੱਲ੍ਹ ਨੂੰ ਹੁਕਮ ਹੋ ਜਾਏ
ਗਵਾਚੇ ਵਾਜੇ ਲੱਭਣ ਵਾਲੇ
ਕੁੱਤੇ ਮਾਰਨ ਵਾਲੇ,
ਮਹਿਕਮਿਆਂ ਦੀਆਂ ਨੌਕਾਂ ਨੂੰ
ਅਸੀਂ ਨਿਮਾਣੇ ਬਾਹਰ ਖਲੋਤੇ,
ਜਿਹੜੇ ਅੱਜ ਤਾਈਂ
ਸਾਹਵਾਂ ਦੇ ਹੱਕਦਾਰ ਨਹੀਂ ਹੋਏ
ਕੀ ਗਾਵਾਂਗੇ
ਕਿਹੜੇ ਘਰ ਦਾ ਕਿਹੜਾ ਟੁੱਕਰ,
ਕਿਸ ਦੀ ਝੋਲੀ ਪਾਵਾਂਗੇ?

## ਪੰਜਾਬ ਦੀ ਪਹਿਲੀ ਵਾਰ

**ਇਮਤਿਆਜ਼ ਹੁਸੈਨ ਇਮਤਿਆਜ਼**

ਨਾ ਮੇਰੇ ਹੋਠਾਂ ਉੱਤੇ
ਪੀਲੂਆਂ ਦੀ ਮਿਠਾਸ ਲਿਸ਼ਕ ਰਹੀ ਏ।
ਨਾ ਮੇਰੇ ਸਿਰ ਉੱਤੇ
ਤੂਤਾਂ ਦੀ ਛਾਂ ਥਿਰਕ ਰਹੀ ਹੈ।
ਨਾ ਮੇਰੇ ਹੰਝੂਆਂ ਦੇ ਝਨਾਂ ਵਿਚ,
ਸੋਹਣੀਆਂ ਡੁੱਬ ਰਹੀਆਂ ਨੇ।
ਨਾ ਮੇਰੀ ਰੂਹ ਦੇ ਥਲ ਵਿਚ
ਸੱਸੀਆਂ ਉੱਡ ਰਹੀਆਂ ਨੇ।
ਨਾ ਮੇਰੇ ਜਾਏ ਸਕੂਲਾਂ ਵਿਚ
ਆਪਣੀ ਮਾਂ-ਬੋਲੀ ਪੜ੍ਹ ਸਕਦੇ ਨੇ।
ਨਾ ਆਪਣੇ ਨਾਲ ਮਾਂ ਦੀਆਂ ਮਿੱਠੀਆਂ
ਲੋਰੀਆਂ ਖੜ ਸਕਦੇ ਨੇ।
ਨਾ ਮੇਰੇ ਜੁੱਸੇ ਦੇ
ਵਿਚਕਾਰੋਂ ਕੰਧ ਤਰੁੱਟੀ ਏ
ਨਾ ਮੇਰੇ ਆਲ ਦੁਆਲਿਓਂ
ਖ਼ੂਨੀ ਹੱਦ ਤਰੁੱਟੀ ਏ।
ਮੇਰੇ ਜੰਮੇ ਜਾਏ ਗੂੰਗੇ-ਥੱਥੇ ਨੇ
ਜਿਹਨਾਂ ਪਿੱਟ ਪਿੱਟ ਕੀਤੇ ਰੱਤੇ ਮੱਥੇ ਨੇ।
ਮੈਨੂੰ ਗ਼ਾਸਿਬ ਹੋਵਣ ਦੇ
ਇਲਜ਼ਾਮ ਅਜੇ ਨਾ ਲੱਥੇ ਨਾ।

(ਵਰੇ ਵਾਰ ਸਾਹਿਤ 1998)

## 1. ਸਾਂਝੀਆਂ ਬੱਤੀ ਧਾਰਾਂ

**ਸਲੀਮ ਅੰਜਮੀਂ**

ਉਹ ਦਿਨ ਆਵਣ ਵਾਲਾ ਏ ਜਦ ਅਸਾਂ
ਤੁਸਾਂ ਠੇਕੇਦਾਰਾਂ ਦੇ ਜ਼ਾਲਮ ਹੱਥ ਪਲੀਤ
ਚਾ ਵੱਢਣੇ।
ਉੱਚੇ ਸ਼ਮਲਿਆਂ ਨੂੰ ਅੱਗ ਲਾਉਣੀ,
ਚੁਣ ਚੁਣ ਬਦਲੇ ਲੈਣੇ
ਤੁਹਾਡੇ ਬੀ ਨਹੀਂ ਛੱਡਣੇ।

ਤੁਸਾਂ ਅਸਾਡੀ ਧਰਤੀ ਵੰਡੀ
ਸਾਡਿਆਂ ਮੱਥਿਆਂ ਤੇ ਧਰਮਾਂ ਦੀ ਤਖ਼ਤੀ ਲਾ
ਕੇ
ਸਾਡੀ ਮਾਂ ਦੀ ਚੁੰਨੀ ਅਧ-ਵਿਚਕਾਰੋਂ ਪਾੜੀ
ਸਾਡੇ ਪੈਰੀਂ ਬੇੜੀਆਂ ਪਾ ਕੇ ਖ਼ੁਸ਼ ਹੁੰਦੇ ਓ
ਸਾਨੂੰ ਇੱਕ ਮੁੱਠ ਹੋਣ ਦਿਓ
ਫੇਰ ਵੇਖਣਾ!
ਕਿਸਰਾਂ ਖਿੱਲਰੀਆਂ ਪੈਂਦੀਆਂ
ਕਿਸਰਾਂ ਵੱਜਦੀ ਤਾੜੀ
ਤੁਹਾਡਿਆਂ ਕੰਬਦਿਆਂ ਹੱਥਾਂ ਵਿਚੋਂ
ਅਸਾਂ ਆਪਣੀ ਚਾਬੀ ਖੋਹਣੀ
ਤੁਹਾਡੇ ਕੋਲੋਂ ਕਿਰਨਾਂ ਵੰਡ ਦੇ
ਸੂਰਜ ਦੇ ਸੱਜਰੇ ਮੁੱਖੜੇ ਤੇ
ਕਾਲਖ਼ ਮਲ ਨਹੀਂ ਹੋਣੀ।

ਅਸਾਂ ਤੇ ਆਪਣੀ ਮਹਿਕਦੀ ਰੱਤ ਵਿਚ

ਮਿੱਟੀ ਗੁੰਨ੍ਹ ਕੇ
ਆਪਣੇ ਮੱਥੇ ਪੋਚਣੇ
ਸੱਚ ਦੀਆਂ ਰੰਬੀਆਂ ਨਾਲ ਗੋਡੀ ਕਰਨੀ
ਰੰਗਲੇ ਮੌਸਮ ਸੋਚਣੇ
ਇਹ ਕੰਡਿਆਲੀਆਂ ਤਾਰਾਂ ਲਾਵਣ ਵਾਲਿਓ
ਆਓ
ਏਸ ਪਾਸੇ ਦੀ 'ਵਾ ਨੂੰ
ਓਧਰ ਜਾਣ ਤੋਂ ਮੋੜੋ
ਓਸ ਪਾਸੇ ਦੀ ਖ਼ੁਸ਼ਬੋ ਏਧਰ ਆਣ ਤੋਂ ਡੱਕੋ
ਹੱਥੋਂ ਰੇਤਾ ਵਾਂਗ ਤਿਲਕਦੇ
ਵੇਲੇ ਦੇ ਗਲ ਰੱਸੇ ਪਾਓ
ਪੈਰੀਂ ਸੰਗਲ ਬੰਨ੍ਹੋ
ਪਰ ਤੁਹਾਡੀਆਂ ਨਾੜਾਂ ਅੰਦਰ
ਸਹਿਮੇ ਲਹੂ ਵਿਚ
ਏਸ ਤਰ੍ਹਾਂ ਈ ਆਪਣੀ ਵਹਿਸ਼ਤ ਦੀ
ਵਿਸ ਘੋਲਣੀ।

ਸਾਥੋਂ ਸਾਡੀ ਬੋਲੀ ਖੋਹ ਕੇ
ਆਪਣੇ ਨਾਹਰੇ ਦੇਵਣ ਵਾਲਿਓ
ਅਸਾਂ ਤੁਹਾਡੀ ਜੀਭ ਨਹੀਂ ਬਣਨਾ
ਅਸਾਂ ਤੇ ਆਪਣੀ ਬੋਲੀ ਬੋਲਣੀ
ਆਪਣੀ ਚਸ ਵਿਚ ਆਪਣੇ ਵੱਸੋਂ ਵੱਸਣਾ
ਅਸਾਂ ਨਹੀਂ ਤੁਹਾਡੇ ਕਾਗਜ਼ੀ ਫੁੱਲਾਂ ਦੇ ਰੰਗ
ਸੁੰਘਣੇ
(ਜਿੰਨ੍ਹਾਂ ਦੇ ਅੰਦਰ ਸਾਡੀ ਮਿੱਟੀ ਦੀ ਮਹਿਕ ਨਾ
ਮਾਰੇ)
ਹੁਣ ਨਹੀਂ ਅਸਾਂ ਨੇ ਘੋਲਣ ਦੇਣੀ
ਤੁਸਾਂ ਨੂੰ ਆਪਣੇ ਦੁੱਧ ਵਿਚ ਕਾਂਜੀ
ਇਹ ਕੰਡਿਆਲੀਆਂ ਤਾਰਾਂ ਲਾਵਣ ਵਾਲਿਓ
ਵੇਖੋ!
ਅਜੇ ਵੀ ਸਾਡੀ ਖ਼ੁਸ਼ਬੂ ਸਾਂਝੀ
ਅਜੇ ਵੀ ਸਾਡਿਆਂ ਫੁੱਲਾਂ ਦੇ ਰੰਗ ਰੱਤੇ ਸੂਹੇ
ਅਜੇ ਵੀ ਸਾਡੀਆਂ
ਅੱਖਾਂ ਦੇ ਵਿਚ ਬਲਣ ਮਸ਼ਾਲਾਂ
ਅਜੇ ਵੀ ਸਾਡਿਆਂ ਦਿਲਾਂ ਦੇ ਸਭੇ ਖੁੱਲੇ ਬੂਹੇ
(ਵਰ੍ਹੇ ਵਾਰ ਸਾਹਿਤ 1996 - ਲਾਹੌਰ)

## 2. ਮੈਂ ਨਹੀਂ ਲਿਖਣਾ ਮੁਆਫ਼ੀਨਾਮਾ

(ਇੱਕ ਯੂਨਾਨੀ ਇਨਕਲਾਬੀ ਦੇ ਨਾਂ)

ਲੈ ਜਾ ਆਪਣਾ ਕੋਰਾ ਕਾਗਜ਼
ਮੈਂ ਇਸ ਉਪਰ ਕਦੇ ਵੀ ਆਪਣੇ
ਦਸਤਖ਼ਤ ਨਹੀਂ ਕਰਨੇ
ਮੈਂ ਨਹੀਂ ਲਿਖਣਾ ਮੁਆਫ਼ੀਨਾਮਾ
ਮੈਂ ਤੇ ਇਸ ਤੇ
ਨਿੱਤ ਨਿੱਤ ਆਪਣੀ ਕਵਿਤਾ ਲਿਖਣੀ
ਨਿੱਤ ਨਿੱਤ ਆਪਣਾ ਸੱਚ ਉਲੀਕੂੰ
ਭਾਵੇਂ ਮੇਰਿਆਂ ਹੱਥਾਂ ਨੂੰ ਜ਼ੰਜੀਰਾਂ ਪਾ ਦੇ
ਨਾਲ ਪਲਾਸ ਦੇ
ਉਂਗਲਾਂ ਦੇ ਸਭ ਨਹੁੰ ਖਿਚਵਾ ਦੇ
ਆਪਣੀ ਵਹਿਸ਼ਤ ਦੇ
ਕਿਸੇ ਹਨੇਰੇ ਬੰਦੀਖਾਨੇ ਵਿਚ ਮੈਨੂੰ ਸੁਟਵਾ ਦੇ
ਭਾਵੇਂ ਅੱਖਾਂ ਅੰਦਰ ਫੇਰ ਸਲਾਈਆਂ ਤੱਤੀਆਂ
ਸੱਚ ਉਗਲਦੀ ਜੀਭ ਤੇ ਭਖ਼ਦੇ ਕੋਲੇ ਰੱਖ ਦੇ
ਕੰਨਾਂ ਵਿਚ ਸ਼ੀਸ਼ਾ ਪਿਘਲਾ ਦੇ
ਭਾਵੇਂ ਮੇਰੀ ਨੰਗੀ ਕੰਡ 'ਤੇ
ਕਹਿਰ ਦੇ ਕੋੜੇ ਮਾਰ ਮਾਰ ਕੇ ਚਮੜੀ ਲਾਹ ਦੇ
ਮੈਂ ਤੇ ਮਰਜ਼ੀ ਦਾ ਇੱਕ ਹਰਫ਼ ਨਹੀਂ ਲਿਖਣਾ
ਮੈਂ ਤੇ ਆਪਣਾ ਸੱਚ ਕਹਾਂਗਾ
ਮੈਂ ਤੇ ਆਪਣੀ ਨਜ਼ਮ ਲਿਖਾਂਗਾ। •••



## ਸੱਪ ਤੇ ਕਬੂਤਰ

### 1.

ਰਾਸ਼ਦ ਹਸਨ ਰਾਣਾ

ਹਕੂਮਤਾਂ ਕਰਨ ਵਾਲਿਆਂ ਦਾ
ਜੇਕਰ ਮਤਲਬ, ਅਮਨ ਦਾ ਨਾਅਰਾ ਲਾਇਆਂ
ਨਿਕਲਦਾ ਹੋਵੇ
ਤਾਂ ਕੰਡਿਆਲੀ ਤਾਰ ਵਾਲੀ
ਲਕੀਰ ਦੇ ਦੋਵੇਂ ਪਾਸੇ
ਉਹਨਾਂ ਦੇ ਇਕ ਇਸ਼ਾਰੇ ਤੇ
ਟੀ. ਵੀ. ਰੇਡੀਓ, ਅਖ਼ਬਾਰ
ਸਿਆਸੀ ਤੇ ਮਜ਼ਹਬੀ ਲੋਕ
ਪਿਆਰ ਦੇ ਗੀਤ ਗਾਉਣ ਲੱਗ ਪੈਂਦੇ ਨੇ
ਤਾਰੀਖ਼ੀ ਤੇ ਮਜ਼ਹਬੀ ਕਿਤਾਬਾਂ 'ਚੋਂ
ਪਿਆਰ, ਮੁਹੱਬਤ, ਰਵਾਦਾਰੀ,
ਇਨਸਾਨ ਦੋਸਤੀ ਦੇ
ਭਾਈਚਾਰੇ ਦੇ ਹਵਾਲੇ ਕੱਢ ਕੇ ਉਹਨਾਂ ਨੂੰ
ਚਿੱਟੇ ਪਰਾਂ ਵਾਲਾ ਕਬੂਤਰ ਬਣਾ ਕੇ
ਹਵਾ ਵਿਚ ਉਡਾਉਣਾ ਸ਼ੁਰੂ ਕਰ ਦਿੰਦੇ ਨੇ।
ਤੇ ਜੇ ਕਰ ਹਕੂਮਤਾਂ ਕਰਨ ਵਾਲਿਆਂ ਨੂੰ
ਆਪਣਾ ਆਪ ਤੇ ਆਪਣਾ ਤਾਜ
ਬਚਾਵਣ ਲਈ
ਦੂਰੀ ਤੇ ਨਫ਼ਰਤ ਭਾਂਬੜ ਬਾਲਣੇ ਜ਼ਰੂਰੀ ਹੋਣ
ਤਾਂ ਉਹਨਾਂ ਦੇ
ਇੱਕ ਇਸ਼ਾਰੇ ਤੇ
ਟੀ. ਵੀ. ਰੇਡੀਓ ਤੇ ਅਖ਼ਬਾਰ
ਸਿਆਸੀ ਤੇ ਮਜ਼ਹਬੀ ਲੋਕ
ਤਾਰੀਖ਼ੀ ਤੇ ਮਜ਼ਹਬੀ ਲੋਕ
ਅੱਗ, ਨਫ਼ਰਤ, ਦੂਰੀ ਤੇ ਵਰ੍ਹਦੇ ਹੋਏ ਲਹੂ ਦੇ
ਹਵਾਲੇ ਕੱਢ ਕੇ, ਉਹਨਾਂ ਨੂੰ ਕਾਲੇ ਸੱਪ ਬਣਾ ਕੇ
ਦਿਲਾਂ ਨੂੰ ਜਾਂਦੇ ਰਾਹਾਂ ਉੱਤੇ
ਛੱਡ ਦਿੰਦੇ ਨੇ। (ਸੁਫ਼ਨੇ ਹੋਏ ਰੇਤ)

## 2. ਰੰਗਾਂ ਦਾ ਮੇਲਾ

ਅਸੀਂ ਵੱਧ ਤੋਂ ਵੱਧ
ਸੱਤ ਰੰਗ ਵੇਖ ਸਕਨੇ ਆਂ
ਪਰ ਸਾਇੰਸਦਾਨ ਕਹਿੰਦੇ ਨੇ
ਤਿਤਲੀ ਇੱਕ ਹਜ਼ਾਰ ਤੋਂ ਵੱਧ
ਰੰਗ ਵੇਖ ਸਕਦੀ ਏ।

ਮੈਂ ਸੋਚਨਾ ਵਾਂ
ਤਿਤਲੀ ਦੀਆਂ ਅੱਖਾਂ ਵਿਚ
ਰੰਗਾਂ ਦਾ ਮੇਲਾ
ਖ਼ੌਰੇ ਕਿਸ ਤਰ੍ਹਾਂ ਸਜਦਾ ਹੋਵੇਗਾ
ਉਹਦੀਆਂ ਸੋਚਾਂ ਤੇ ਖ਼ਵਾਬਾਂ ਵਿਚ
ਖ਼ੌਰੇ ਕਿਸ ਤਰ੍ਹਾਂ ਦੇ (Images) ਬਣਦੇ ਹੋਣਗੇ।

ਤਿਤਲੀ ਜਦੋਂ 'ਉਹਨੂੰ'
ਫੁੱਲਾਂ ਕੋਲ ਖਲੋਤਿਆ ਵੇਖਦੀ ਹੋਵੇਗੀ
ਤੇ 'ਉਹ' ਬੇਸ਼ੁਮਾਰ ਰੰਗਾਂ ਵਿਚ ਰੰਗੀ ਹੋਈ
ਹੱਸਦੀ ਹੋਈ ਤਿਤਲੀ ਨੂੰ ਖ਼ੌਰੇ ਕਿਸ ਤਰ੍ਹਾਂ ਦੀ
ਲਗਦੀ ਹੋਵੇਗੀ।
ਕਾਸ਼ ਮੈਨੂੰ ਤਿਤਲੀ ਦੀਆਂ ਅੱਖਾਂ ਮਿਲ ਜਾਣ!
(ਸੁਫ਼ਨੇ ਹੋਏ ਰੇਤ ਵਿਚੋਂ)

## 3. ਕਬੂਤਰ

ਖ਼ਵਾਬ ਕਬੂਤਰ
ਸੋਚਾਂ ਬੱਦਲ
ਖ਼ਾਹਸ਼ਾਂ ਬਾਰਸ਼
ਵੇਲਾ ਬਿਜਲੀ ਚਮਕੇ
ਤੇਜ਼ ਹਵਾ ਵਿਚ
ਤਨ ਦਾ ਬੂਟਾ
ਡੋਲੇ ਤੇ ਘਬਰਾਵੇ
ਜੇ ਕਬੂਤਰ ਉੱਡੇ
ਤੇ ਫਿਰ ਕਿੱਧਰ ਜਾਵੇ?

## 4. ਨਜ਼ਮ

ਪੰਛੀ, ਬੰਦੇ ਤੇ ਜਨੌਰ ਜੰਮਦੇ ਨੇ
ਮੁਕਦੇ ਜਾਂਦੇ ਨੇ
ਇਹਨਾਂ ਦਾ ਜੰਮਣਾ
ਕੋਈ ਬਹੁਤ ਵੱਡੀ ਗੱਲ ਨਹੀਂ ਹੁੰਦਾ
ਕਿਉਂ ਜੇ ਹਰ ਪਲ ਬੇਸ਼ੁਮਾਰ ਜਾਨਦਾਰ
ਜੰਮਦੇ ਤੇ ਮਰਦੇ ਨੇ
ਪਰ ਪੱਤਝੜ ਦੇ ਆਖ਼ਰੀ ਸਾਹ ਦੇ ਬਾਅਦ
ਕਿਸੇ ਸ਼ਾਖ਼ ਉੱਤੇ ਜਿਹੜਾ ਪਹਿਲਾ ਫੁੱਲ
ਖਿੜਦਾ ਏ
ਉਹਦਾ ਜਨਮ ਬਹੁਤ ਵੱਡਾ ਵਾਕਿਆ ਹੁੰਦਾ ਏ।

## ਪ੍ਰਦੂਸ਼ਣ

ਮੁਹੰਮਦ ਮੁਨੀਰ ਸ਼ੀਰਾਨੀ

ਧੋਵੋ, ਧੋਵੋ, ਧੋਵੋ, ਧੋਵੋ
ਜੋ ਕੁਝ ਧੋ ਸਕਦੇ ਹੋ ਧੋਵੋ।
ਜੀਭ, ਲਹੂ, ਹਰ ਸਾਹ ਤੇ ਨਬਜ਼ਾਂ
ਗੁਰਦੇ, ਮਿਹਦੇ, ਨਾੜਾਂ, ਹੱਡੀਆਂ
ਢਿੱਡ ਤੇ ਛਾਤੀ, ਲੱਤਾਂ, ਬਾਹਾਂ
ਨੱਕ, ਕੰਨ, ਵਾਲ ਤੇ ਨਹੁੰ, ਅੱਖੀਆਂ
ਅਕਲਾਂ, ਸ਼ਕਲਾਂ, ਉਮਰਾਂ, ਨਸਲਾਂ
ਫਲ, ਫੁੱਲ, ਸਬਜ਼ੀ, ਬੂਟੇ, ਫਸਲਾਂ

ਪੈਰ, ਹੱਥ ਚਾਲਾਂ, ਢਾਲਾਂ
ਮੂੰਹ, ਸਿਰ, ਪਿੰਡਾ, ਹਾਲ, ਖ਼ਿਆਲਾਂ
ਜੋ ਕੁਝ ਧੋ ਸਕਦੇ ਹੋ ਧੋਵੋ
ਜੰਮਣ ਵਾਲਿਆਂ ਨੂੰ ਬਹਿ ਰੋਵੋ।

(ਪੰਜਾਬੀ ਸਾਹਿਤ ਗ੍ਰੰਥ 1997)

## ਦੋਗਲੇ

ਮੁਹੰਮਦ ਅਕਬਰ ਖਾਂ

ਇੱਕ ਬੰਦਾ ਸੀ ਨਿੰਮੂਝਣਾ,
ਮੰਡੀ ਵਿਚ ਖਲੋਤਾ,
ਆਖੇ ਮੈਨੂੰ ਲੋੜੀਂਦਾ ਏ,
ਇੱਕ ਬੰਦਾ ਇੱਕ ਖੋਤਾ।
ਕਿਸੇ ਕਿਹਾ, 'ਲੈ ਯਾਰਾ ਤੈਨੂੰ,
ਐਸੀ ਚੀਜ਼ ਦਵਾਈਏ,
ਜੋ ਬੰਦੇ ਦਾ ਬੰਦਾ ਹੋਵੇ,
ਤੇ ਖੋਤੇ ਦਾ ਖੋਤਾ
ਸਾਰੇ ਕੰਮਾਂ ਨੂੰ ਉਹ
ਤੇਰੀ ਮਰਜ਼ੀ ਨਾਲ ਚਲਾਵੇ
ਜਿੱਥੇ ਆਖੇਂ ਬੈਠਾ ਰਹੇ
ਤੇ ਜਿੱਥੇ ਕਹੇਂ ਖਲੋਤਾ
ਉਹਨੇ ਕਿਹਾ ਇਹ ਗੱਲ ਨਹੀਂ
ਮੈਨੂੰ ਉਕਾ ਵਾਰਾ ਖਾਂਦੀ
ਇਕੋ ਜਿਣਸ ਲੋੜੀਂਦੀ
ਮੈਨੂੰ ਊਠ ਹੋਵੇ ਜਾਂ ਬੋਤਾ
ਮਰ ਜਾਵਾਂ ਪਰ ਦੋਗਲਿਆਂ ਦੇ
ਵਿਹੜੇ ਪੈਰ ਨਾ ਪਾਵਾਂ
ਬੰਦਾ ਅਸਲੀ ਬੰਦਾ ਲੋੜਾਂ
ਤੇ ਖੋਤਾ ਅਸਲੀ ਖੋਤਾ। •••

## ਆਪਣੀ ਵਰ੍ਹੇਗੰਢ 'ਤੇ ਲਿਖੀ ਨਜ਼ਮ

ਰਾਜਾ ਸਾਦਕ ਅੱਲਾ

'ਵਾ ਪੱਤਰਾਂ ਦੀਆਂ ਝਾਂਜਰਾਂ ਪਾ ਕੇ
ਰੁੱਖਾਂ ਹੇਠੋਂ ਲੰਘਦੀ
ਗੰਢ ਵਰ੍ਹੇ ਦੀ ਕੁਝ ਨਹੀਂ ਸਕਦੀ
ਦਰਦ ਦਿਲੇ ਦਾ ਪੈਂਡਾ

ਇੱਕ ਪੰਧ ਮੁੱਕਿਆ
ਅਜੇ ਨਹੀਂ ਮੁੱਕਿਆ
ਕੰਧਾਂ ਉੱਤੇ ਸਿਲ੍ਹ ਸਫੇਦੀ
ਡਿੰਗ-ਭੜਿੰਗੀਆਂ ਲੀਕਾਂ
ਜੋ ਕੋਈ ਸ਼ਕਲ ਬਣਾਓ।

ਇੱਕ ਸਾਹ ਲਹਿਰ ਸਮੁੰਦਰ
ਸਿਗਰਿਟ
ਧੂੰਆਂ ਬਾਰੀ 'ਚੋਂ ਛਾਨਣੀ ਹੋ ਕੇ
ਸ਼ਾਮ ਸਰਾਹੀ ਕੀਤੀ

ਲੱਗੀਆਂ ਇਲਤਾਂ ਛੱਡਣ ਲੱਗਿਆਂ
ਉਮਰ ਹੱਯਾਤੀ ਲੱਗਦੀ
ਸਿਰ ਸਵਾਹ ਦਾ
ਕੋਲਾ ਭਰਿਆ ਖਾ ਕੇ ਸ਼ਫ਼ਾ ਦਾ
ਜਿੱਤਿਆਂ ਕੱਪਾਂ ਕੋਲੋਂ ਏਹੋ ਕੰਮ ਏ
ਜਿਹੜਾ ਲੈ ਸਕਦੇ ਓ।

ਪਰਛੱਤੀਆਂ ਤੇ ਰੱਖ ਕੇ ਆਪੇ
ਦੂਜੇ ਸ਼ਹਿਰ ਸਿਧਾਏ
ਹੁਣ ਆਇਆਂ ਤੇ ਮਸ਼ਕਰੀ ਕਰਦੀਆਂ
ਰੋਜ਼ ਦਿਹਾੜੀ ਪੁੱਛਦੇ

ਕਿਉਂ ਆਇਆਂ ਏਂ
ਕੰਧਾਂ ਉੱਤੇ ਟੰਗੀਆਂ ਸ਼ਕਲਾਂ ਅੰਦਰ
ਸ਼ਕਲ ਨਹੀਂ ਹੁੰਦੀ
ਰਹਿੰਦ ਖੂੰਹਦ ਤੇ ਅੱਖ ਦਾ ਧੋਖਾ
ਜਿਉਂ ਭਰਿਆ, ਜਿਉਂ ਖਾਲੀ
ਨਾ ਬਾਹਰ ਨਾ ਅੰਦਰ
ਅਗਲਾ ਸਾਹ ਸਮੁੰਦਰ।

ਪੱਤਰਾਂ ਉੱਤੇ ਢਹਿੰਦੀਆਂ ਕਣੀਆਂ
ਮਿੱਟੀ ਲਾਹ ਨਹੀਂ ਸਕਦੀਆਂ
ਬਹੁਕਰ ਨਾਲ ਨਹੀਂ ਖੁਰਚੀ ਜਾਣੀ
ਹੱਡੋਂ ਪੀੜ ਪੁਰਾਣੀ।



'ਵਾ ਦਾ ਕੀ ਏ, ਉਹ ਤੇ ਆਪੇ
ਲੰਘ ਜਾਂਦੀ ਏ
ਐਥੋਂ ਕਿੱਥੋਂ
ਕਿਸੇ ਵੀ ਵਿਚੋਂ
ਨਿੱਤ ਪੱਤਰਾਂ ਦੀਆਂ ਝਾਂਜਰਾਂ ਪਾ ਕੇ
ਸਾਹ ਦਾ ਸਿਰ ਦੁਖਾ ਕੇ
ਪੋਲੇ ਪੈਰੀਂ
ਤੁਪਕਾ ਤੁਪਕਾ •••

(ਪੰਚਮ, ਜੂਨ-ਜੁਲਾਈ 2006, ਲਾਹੌਰ)

## ਨਿੱਕੇ ਨਿੱਕੇ ਸਾਹ

ਜ਼ਾਹਦ ਮਸਊਦ

ਹੁਣ ਤੇ ਮੀਂਹ ਵੀ
ਮੇਰੀ ਵਿਛੜੀ ਬੋਲੀ ਦੇ ਟੁੱਟੇ ਭੱਜੇ
ਅੱਖਰਾਂ ਵਾਂਗੂੰ ਵਰ੍ਹਦਾ ਏ
ਪੱਕੀਆਂ ਸੜਕਾਂ ਦੇ ਪੈਂਡੇ ਨੇ
ਹਯਾਤੀ ਦੇ ਦਿਨਾਂ ਨੂੰ ਹੋਰ ਘਟਾ ਦਿੱਤਾ ਏ
ਜਿਵੇਂ ਜਿਵੇਂ ਪੁਰਾਣੇ ਬੇਲੀ ਕਿਰਦੇ ਜਾਂਦੇ ਨੇ
ਤਿਵੇਂ ਤਿਵੇਂ
ਸੈਟੇਲਾਈਟ ਚੈਨਲ ਵਧ ਰਹੇ ਨੇ।
ਮੈਂ ਕੰਪਿਊਟਰ ਸਕਰੀਨ ਨੂੰ ਖਾਲੀ ਰੱਖਣ
ਲੱਗ ਪਿਆ ਹਾਂ
ਜਿਉਂ ਜੋ ਉਹਦੀ ਲਾਟ ਮੇਰੀਆਂ ਅੱਖਾਂ ਨੂੰ
ਅੰਦਰਲੇ ਪਾਸੇ ਖੋਲ੍ਹਦੀ ਏ
ਬਾਹਰ ਗਲੀ ਵਿਚ ਕੋਈ ਵੀ ਨਹੀਂ
ਪਰ ਰੌਲਾ ਈ ਰੌਲਾ ਏ
ਲੋਕੀਂ ਪਿੰਡਾਂ ਥਾਵਾਂ ਤੋਂ
ਨੰਗੇ ਪੈਰੀਂ ਖ਼ਾਲੀ ਹੱਥ
ਟੁਰੇ ਆ ਰਹੇ ਨੇ
ਜ਼ਿਲਾ ਨਾਜ਼ਿਮ ਦੇ ਕਾਰਿੰਦੇ
ਦਰਗਾਹਾਂ ਤੋਂ ਚੜ੍ਹਾਵੇ ਦੀਆਂ ਦੇਗਾਂ
ਚੁੱਕ ਲਿਆਉਂਦੇ ਨੇ
ਤੇ ਇੱਕ ਵੇਲੇ ਦੀ ਰੋਟੀ ਦੇ ਕੇ
ਪਰਦੇਸੀਆਂ ਦੀਆਂ ਸਧਰਾਂ
ਸਿਰਨਾਵੇਂ ਸੁਣੇ ਵੋਟਰ ਲਿਸਟਾਂ
ਵਿਚ ਦਰਜ ਕਰ ਲੈਂਦੇ ਨੇ।
ਸ਼ਹਿਰ ਦੇ ਪੁਰਾਣੇ ਬਾਜ਼ਾਰਾਂ ਵਿਚ
ਨਵੀਆਂ ਟਾਇਲਾਂ ਲੱਗ ਗਈਆਂ ਨੇ
ਬੰਸਰੀ ਤੇ ਕਲਾ ਰੰਟ ਵਜਾਉਣ ਵਾਲਿਆਂ
ਖਾਨਸਾਮਿਆਂ ਦੀ ਯੂਨੀਫਾਰਮ ਪਾ ਲਈ ਏ
ਪੁਰਾਣੇ ਗਾਉਣ ਮੀਨੂਕਾਰਡ ਵਿਚ ਛਪੇ ਹੋਏ
ਲੱਭ ਜਾਂਦੇ ਨੇ
ਕਵੀ ਸੂਝਵਾਨ ਤੇ ਮਸੱਵਰ
ਐਤਵਾਰ ਵਾਲੇ ਦਿਨ ਜਿਊਸ-ਕਾਰਨਰ ਉੱਤੇ
ਇਕੱਠੇ ਹੁੰਦੇ ਨੇ
ਤੇ ਸਬਜ਼ੀ ਵੇਚਣ ਵਾਲਿਆਂ ਨਾਲ ਨਵੇਂ
ਵਿਚਾਰਾਂ ਬਾਰੇ ਗੱਲ ਬਾਤ ਕਰਦੇ ਨੇ
ਘੁੱਗੂ-ਘੋੜੇ ਤੇ ਗੱਪ ਬਣਾਣ ਵਾਲੇ
ਪੁਤਲੀ ਤਮਾਸ਼ਾ ਕਰਨ ਵਾਲੇ
ਤੇ ਸਾਰੰਗੀ ਵਜਾਉਣ ਵਾਲੇ ਫ਼ਕੀਰ
ਮੇਨ-ਬਲੀਊ ਕਾਰਡ ਉੱਤੇ ਨਹੀਂ ਆ ਸਕਦੇ
ਸ਼ਹਿਰ ਦੇ ਵੱਡੇ ਪਾਰਕ ਵਿਚ
ਕਲਚਰਲ ਫੈਸਟੀਵਲ ਲੱਗਦਾ ਏ
ਜਿੱਥੇ
ਜੀਨਾਂ ਵਾਲੇ ਮੁੰਡੇ ਸੂਟਾ ਲਾ ਕੇ
ਆਰਫ਼ਾਨਾ-ਕਲਾਮ ਉੱਤੇ
ਧਮਾਲ ਪਾਉਂਦੇ ਨੇ।

ਹੁਣ ਰਾਤ ਰਾਵੀਓਂ ਪਾਰ ਤੇ
ਦਿਨ ਝਨਾਓਂ ਪਾਰ ਲਹਿੰਦਾ ਏ
ਲੋਕੀਂ ਮੋਬਾਈਲ ਉੱਤੇ ਅਲਾਰਮ ਲਾ ਕੇ
ਪਬਲਿਕ ਟਾਇਲਿਟ ਦੇ ਟੋਕਨ ਲੈਂਦੇ ਨੇ
ਗਰਮੀਆਂ ਤੇ ਸਰਦੀਆਂ ਦਾ ਹਿਸਾਬ
ਬਿਜਲੀ ਦੇ ਬਿੱਲ ਤੋਂ ਲਾਉਂਦੇ ਨੇ।

ਮੈਂ ਸ਼ਹਿਰੋਂ ਬਾਹਰ ਜਾਣਾ ਚਾਹਨਾ ਵਾਂ
ਪਰ ਉਥੇ ਨਾ ਤੇ ਇਨਹੇਲਰ ਲੱਭਦਾ ਏ
ਨਾ ਆਕਸੀਜ਼ਨ ਸਿਲੰਡਰ
ਦਰਿਆ ਬਰੇਤੇ

ਤੇ ਦਵਾਲੇ ਮਫਰੂਰਾਂ ਦੀਆਂ ਖੋਹਵਾਂ ਬਣ ਗਏ
ਨੇ
ਪਟਵਾਰੀਆਂ ਖਸਰਾ ਨੰਬਰਾਂ ਦੀ
ਸੇਲ ਲਾ ਦਿੱਤੀ ਏ
ਤੇ ਸ਼ਾਮਲਾਟਾਂ ਵਿਚ
ਫਾਰਮ-ਹਾਊਸ ਬਣ ਗਏ ਨੇ

ਹੁਣ ਸਿੱਕ ਏ, ਸੁਫ਼ਨੇ ਨੇ ਤੇ ਸਾਹ
ਜਿਹੜੇ ਨਿੱਕੇ ਨਿੱਕੇ ਹੁੰਦੇ ਜਾਂਦੇ ਨੇ
ਜਾਂ ਫਿਰ
ਮੀਂਹ ਏ ਜਿਹੜਾ ਕਦੀ ਕਦੀ ਮੇਰੀ ਮੰਜੀ ਲਾਗੇ
ਤਾਕੀ ਦੇ ਛੱਜੇ ਉੱਤੇ ਵਰ੍ਹਦਾ ਏ
ਮੇਰੀ ਵਿਛੜੀ ਬੋਲੀ ਦੇ ਟੁੱਟ ਭੱਜੇ
ਅੱਖਰਾਂ ਵਾਂਗੂੰ।

(ਪੰਚਮ ਲਾਹੌਰ ਅਪ੍ਰੈਲ 2006)

## ਹਿਜਰ ਦੇ ਮੌਸਮਾਂ ਅੰਦਰ

ਆਸ਼ਕ ਅਲੀ ਫੈਸਲ

ਹਿਜਰ ਦੇ ਮੌਸਮਾਂ ਅੰਦਰ
ਦਿਲਾਂ ਦੇ ਬੂਟਿਆਂ 'ਤੇ
ਤੇਰੀਆਂ ਯਾਦਾਂ ਦੇ ਫੁੱਲ
ਜਦ ਮਹਿਕ ਵਰਤਾਉਂਦੇ ਨੇ
ਬੜੇ ਮਨ ਭਾਉਂਦੇ ਨੇ।

ਹਿਜਰ ਦੇ ਮੌਸਮਾਂ ਵਿਚ
ਇਹ ਚੰਦਰੀ ਜੇਠ ਦੀ ਰੁੱਤ
ਵਟਾ ਕੇ ਰੂਪ ਪੋਹ ਦਾ
ਮੈਨੂੰ ਹੈ ਠਾਰ ਜਾਂਦੀ
ਤੇ ਅਸਲੋਂ ਮਾਰ ਜਾਂਦੀ।

ਹਿਜਰ ਦੇ ਮੌਸਮਾਂ ਅੰਦਰ
ਮੈਂ ਬੀਤੇ ਵੇਲਿਆਂ ਨੂੰ
ਬੜਾ ਹਾਂ ਯਾਦ ਕਰਦਾ
ਹਾਂ ਜਿੰਦ ਨੂੰ ਸ਼ਾਦ ਕਰਦਾ।

ਹਿਜਰ ਦੇ ਮੌਸਮਾਂ ਅੰਦਰ
ਤੇਰੀਆਂ ਯਾਦਾਂ ਦੇ ਗਹਿਣੇ
ਜਦੋਂ ਨੇ ਛਣਕ ਪੈਂਦੇ
ਮੇਰੇ ਲਈ ਮੀਤ ਬਣਦੇ ਨੇ
ਸੁਰੀਲੇ ਗੀਤ ਬਣਦੇ ਨੇ।

ਹਿਜਰ ਦੇ ਮੌਸਮਾਂ ਅੰਦਰ
ਮੈਂ ਅਕਸਰ ਸੋਚਦਾ ਹਾਂ
ਤੇਰੀਆਂ ਯਾਦਾਂ ਦਾ ਨਿੱਘ
ਜੇ ਮੇਰੇ ਨਾ ਨਾਲ ਹੁੰਦਾ
ਮੇਰਾ ਕੀ ਹਾਲ ਹੁੰਦਾ।

ਹਿਜਰ ਦੇ ਮੌਸਮਾਂ ਵਿਚ
ਤਰਸ 'ਫੈਸਲ' 'ਤੇ ਖਾ ਕੇ
ਵਸਲ ਦਾ ਜਾਮ ਬਖਸ਼ੋ
ਮੈਂ ਦੋ ਘੁੱਟ ਪੀ ਲਵਾਂਗਾ
ਹਿਜਰ ਵਿਚ ਜੀ ਲਵਾਂਗਾ
ਅਜੇਹੇ ਮੌਸਮਾਂ ਅੰਦਰ।

(ਪੰਚਮ ਲਾਹੌਰ)

## ਅਸੀਂ ਹਾਲੀ ਜੀਊਂਦੇ ਹਾਂ

ਤਾਰਕ ਗੋਜਰ

ਸਾਨੂੰ ਹਨੇਰੇ ਵਿਚ ਰੱਖਣ ਵਾਲਿਆ
ਡੁੱਬਦੇ ਸੂਰਜ ਨੂੰ ਗਹੁ ਨਾਲ ਵੇਖ
ਕੱਲ੍ਹ ਮੁੜ ਏਸ ਨੇ ਚੜ੍ਹ ਆਉਣਾ ਏਂ
ਓਸੇ ਅਤਿ ਲਿਸ਼ਕਾਰੇ ਨਾਲ
ਓਸੇ ਅਤਿ ਲਿਸ਼ਕਾਰੇ ਨਾਲ
ਸਗੋਂ ਓਸ ਤੋਂ ਵੀ ਢੇਰ ਟਹਿਕੇ ਨਾਲ
ਬੰਦੀ ਖਾਨੇ ਦੇ ਘੁੱਪ ਹਨੇਰਿਆਂ ਵਿਚ
ਜ਼ਰਾ ਹੋਰ ਅਗੇਰੇ ਹੋ ਕੇ
ਦਿਲ ਦੀ ਧੜਕਣ ਸੁਣ
ਅਸੀਂ ਹਾਲੀਂ ਜੀਊਂਦੇ ਹਾਂ।

ਬੁੱਲ ਸੀਤੇ ਗਏ ਤਾਂ ਹੋਇਆ ਕੀ
ਸੰਘ ਵਿਚੋਂ ਇੱਕ ਜੀਭ ਖਿੱਚੀ ਗਈ ਤਾਂ ਫੇਰ ਕੀ
ਆ ਵੇਖ
ਸਾਡੇ ਲੂੰ ਲੂੰ ਵਿਚੋਂ
ਕਈ ਕਈ ਜੀਭਾਂ ਉੱਗ ਆਈਆਂ ਨੇ
ਜਿਵੇਂ ਮੁੱਢੋਂ ਰੱਖ ਕੇ ਵੱਢਿਆ ਸਰਕੜਾ
ਸਗੋਂ ਦੂਣਾ ਫੁੱਟਦਾ ਏ
ਬੁੱਲ੍ਹੀਆਂ ਸੀਣ ਵਾਲਿਆ
ਵੇਖ
ਅਸੀਂ ਹਾਲੀਂ ਜੀਊਂਦੇ ਹਾਂ
ਧਾਂ ਵੇਖ ਕੇ ਖੁਸ਼ ਨਾ ਹੋ
ਭਰਾ ਵਿਹੜੇ ਵੰਡ ਈ ਲੈਂਦੇ ਹਨ
ਆਪੋ ਵਿਚ ਲੜ ਵੀ ਪੈਂਦੇ ਹਨ
ਸਾਡੇ ਸੀਨੇ ਲੱਗੇ ਫੱਟ ਵੇਖ
ਇਹ ਨਾ ਸਮਝ
ਕਿ ਅਸੀਂ ਹੁਣ ਮਰ ਗਏ
ਨਹੀਂ ਅਸੀਂ ਹਾਲੀ ਜੀਊਂਦੇ ਹਾਂ।

(ਵਰ੍ਹੇਵਾਰ ਸਾਹਿਤ 1996 ਲਾਹੌਰ)

## ਸੇਹ ਦਾ ਤੱਕਲਾ

ਅਕਰਮ ਬਾਜਵਾ

ਇੱਕ ਵੇਲਾ ਸੀ
ਇੱਕ ਦੂਜੇ ਦੇ ਸਾਹਵਾਂ ਦੇ ਸੰਗ
ਸਾਹ ਲੈਂਦੇ ਸਾਂ।
ਖੁਸ਼ਬੂਆਂ ਨੂੰ ਕੈਦੀ ਕਰ ਕੇ
ਅੰਬਰ ਨੂੰ ਹੱਥ ਲਾ ਲੈਂਦੇ ਸਾਂ
ਇੱਕ ਮਸਤੀ, ਇੱਕ ਜੋਬਨ ਬਣ ਕੇ
ਇੱਕੋ ਈ ਦਿਲ ਦੀ ਧੜਕਣ ਬਣ ਕੇ
ਇੱਕੋ ਜਿਹੇ ਸੁਫ਼ਨੇ ਵਿੰਹਦੇ ਦੋਵੇਂ
ਚਾਨਣੀਆਂ ਰਾਤਾਂ ਵਿਚ ਬਹਿ ਕੇ
ਦਿਲ ਦੀਆਂ ਗੱਲਾਂ ਕਰਦੇ ਦੋਵੇਂ
ਪਿਆਰ ਹੁੰਗਾਰੇ ਭਰਦੇ ਦੋਵੇਂ
ਅੱਖਾਂ ਸਾਹਵੇਂ ਫੁੱਲ ਸੀ ਖਿੜਦੇ
ਰਾਹਾਂ ਵਿਚ ਤਾਰੇ ਸੀ ਕਿਰਦੇ
ਦੋ ਬੁੱਤ ਸੀ ਪਰ ਇੱਕ ਪ੍ਰਛਾਵਾਂ।

ਫਿਰ ਖ਼ੌਰੇ ਕੀ ਬਣਿਆ ਸੱਜਣਾ
ਦੋ ਬੁੱਤ, ਦੋ ਪ੍ਰਛਾਵੇਂ ਬਣ ਗਏ
ਚਾਵਾਂ, ਰੀਝਾਂ ਦੇ ਰੰਗ ਉੱਡੇ
ਮੈਂ ਤੇ ਅੱਜ ਤੱਕ ਜਾਣ ਨਹੀਂ ਸਕਿਆ
ਕਿਸ ਨੇ ਸਾਡੇ ਵਿਹੜੇ ਗੱਡੇ
ਅੱਖ ਬਚਾ ਕੇ ਸਿਹ ਦੇ ਤੱਕਲੇ।

(ਵਰ੍ਹੇਵਾਰ ਸਾਹਿਤ-1998 ਲਾਹੌਰ)

## ਮਾਰੂ ਬੱਚਿਆ

ਮੀਰ ਅਰਸ਼ਦ ਮੀਰ

ਮਾਰੂ ਬੱਚਿਆ
ਕਿਹੜੇ ਸ਼ਹਿਰ 'ਚ ਆ ਗਏ ਆਂ
ਜਿਥੇ ਲੋਹਾ ਚੱਟਦਾ ਤੇਲ।
ਪੈਰ ਉਠਾਵਨ 'ਵਾ ਤੇ ਚੜ੍ਹਦੇ।
ਝਟ ਕੁ ਪਹਿਲਾਂ
ਘੱਲੀ ਖ਼ਬਰ ਸਮੁੰਦਰ ਲੰਘ ਗਈ
ਤਾਅ 'ਤੇ ਆਏ ਸ਼ਹਿਰ 'ਚ
ਜਤ ਸਤ ਕਿਵੇਂ ਸਲਾਮਤ ਰੱਖੀਏ।
ਮਾਰੂ ਬੱਚਿਆ
ਕਿਹੜੇ ਸ਼ਹਿਰ 'ਚ ਆ ਗਏ ਆਂ।

ਅਜਬ ਮਕਾਨ ਨੇ
ਛੱਤ ਨਹੀਂ ਕਿਸੇ ਮਕਾਨ ਦੀ
ਪੈਰਾਂ ਹੇਠ ਜ਼ਮੀਨ ਕੋਈ ਨਹੀਂ
ਨਾ ਕੋਈ ਸ਼ਕਲ ਅਸਮਾਨ ਦੀ
ਗਮਲਿਆਂ ਅੰਦਰ ਬਾਗ ਬਗੀਚੇ
ਫ਼ਸਲ ਛਾਪਰ ਧਾਨ ਦੀ
ਮਾਰੂ ਬੱਚਿਆ।

ਸਾਵੀ ਸੱਪ ਦੀ ਅੱਖ ਵਰਗੀ
ਕੋਈ ਲਾਲ ਗੁਲਾਬ ਬਲੇ
ਸਾਰੀ ਸੜਕ ਨੂੰ ਖੰਭ ਲੱਗ ਗਏ
ਅਸਾਂ ਫ਼ਰਸ਼ ਤੇ ਪੈਰ ਮਲੇ
ਮਾਰੂ ਬੱਚਿਆ

ਕੈਦ ਬੁਰਾਤ ਤਬੇਲਿਆਂ ਅੰਦਰ
ਨਾ ਕੋਈ ਰਾਤ ਵਸਲ ਦੀ
ਦੋਵੇਂ ਨੀਤ ਨਮਾਜ਼ ਲਹੀਏ
ਚੁਪ ਕਰ ਕੇ ਸ਼ੁਕਰ ਨਫ਼ਲ ਦੀ
ਮਾਰੂ........

ਮਰ ਮਰ ਇਕ ਬਨਾਵਣ ਸ਼ੀਸ਼ਾ
ਮਾਰ ਵੱਟਾ ਇਕ ਭੰਨ ਦੇ
ਵਿਚ ਸਮੁੰਦਰ ਰੋੜ੍ਹ ਆਈਏ

ਆ ਟੋਟੇ ਕਰ ਕੇ ਚੰਨ ਦੇ
ਮਾਰੂ ........

ਨਾ ਆਪਾਂ ਰੰਗਪੁਰ ਵਾਲੇ ਖੇੜੇ
ਨਾ ਆਪਾਂ ਵੱਗ ਨਾ ਚੋਰ
ਅੱਖ ਵਿਚ ਤੂਰ ਜ਼ਹੂਰ ਫੇਰੀਏ
ਜ਼ਮ ਜ਼ਮ ਨਾਲ ਟਕੋਰ
ਆਪਾਂ ਪਿਛਲਾ ਯੁੱਗ ਵੀ ਹਾਂ
ਤੇ ਅੱਜ ਵੀ ਨਵੇਂ ਨਕੋਰ

•••

## ਧਰੋਈ ਆ ਮੁਲਖਾ ਧਰੋਈ

ਜਾਵੇਦ ਜ਼ੱਕੀ

ਧਰੋਈ ਆ ਮੁਲਖਾ ਧਰੋਈ
ਅਣਖ ਹਯਾ ਦਾ ਸੂਰਜ ਡੁੱਬਿਆ
ਜਿੰਦ ਭੈੜੀ ਅਧਮੋਈ
ਧਰੋਈ ਆ ਮੁਲਖਾ ਧਰੋਈ

ਆਸ-ਉਮੀਦ ਦਾ ਚਾਨਣ ਗੰਦਲਾ
ਖ਼ੌਰੇ ਕਿਹੜੇ ਕਾਰ ਦਾ ਬਦਲਾ
ਰੁੱਤ ਸਾਥੋਂ ਪਈ ਮੰਗੇ
ਖ਼ਲਕਤ ਝੂਠੇ ਮੋਢੇ ਚਾ ਕੇ
ਮੂੰਹ ਤੇ ਸੋਚ ਨੂੰ ਜੰਦਰੇ ਲਾ ਕੇ
ਨੀਵੀਂ ਪਾ ਪਾ ਲੰਘੇ
ਸਿਰ ਨਾ ਚਾਵੇ ਕੋਈ
ਧਰੋਈ ਆ ਮੁਲਖਾ ਧਰੋਈ।

ਸੋਚਾਂ ਦੀ ਲੋਅ ਮਟਿਆਲੀ ਜੇਹੀ
ਸੁਰਤ ਚਾਨਣੀ ਧੁਰ ਕਾਲੀ ਜੇਹੀ
ਸ਼ਾਲਾ ਸੂਰਜ ਉੱਗੇ
ਪੈਰਾਂ ਦੇ ਵਿਚ ਘੁੰਗਰੂ ਪਾ ਕੇ
ਭੰਗੜੇ ਗਿੱਧੇ, ਨਾਚ ਨਚਾ ਕੇ
ਹਰ ਕੋਈ ਪਿਆ ਪੁੱਗੇ
ਜਾਗੇ ਖ਼ਲਕਤ ਸੋਈ
ਧਰੋਈ ਆ ਮੁਲਖਾ ਧਰੋਈ

ਭਾਵੇਂ ਰਾਤ ਤਵੇ ਦੀ ਕਾਲਖ਼
ਚੰਨ ਕਾਵਾਂ ਦੇ ਆਹਲਣੇ
ਝੁੱਲੇ ਨਾਲ ਹਨੇਰੀ
ਅੱਖਾਂ ਦੇ ਵਿਚ ਜੁਗਨੂੰ ਭਰ ਕੇ
ਦੀਵੇ ਥਾਂ ਥਾਂ ਬਾਲਣੇ
ਇਹ ਸਿੱਕ ਤੇਰੀ ਮੇਰੀ
ਇਹਦੇ ਬਾਝ ਨਾ ਢੋਈ
ਧਰੋਈ ਆ ਮੁਲਖਾ ਧਰੋਈ।

•••

## ਸਵੱਲਾ ਹੋਰ ਕੀ ਹੁੰਦਾ

ਰਫਾਕਤ ਹੁਸੈਨ ਮੁਮਤਾਜ਼

ਸਿਆਸਤ ਵੇਖ ਵੇਲੇ ਦੀ
ਮੈਨੂੰ ਮੁਜਰਮ ਬਣਾ ਦਿੱਤਾ
ਅਦਾਲਤ ਵੇਖ ਵੇਲੇ ਦੀ।

ਸੁਖ਼ਨ ਨੂੰ ਵੇਚ ਨਹੀਂ ਹੁੰਦਾ
ਮੈਂ ਧਰਤੀ ਦਾ ਲਿਖਾਰੀ ਹਾਂ
ਵਤਨ ਨੂੰ ਵੇਚ ਨਹੀਂ ਹੁੰਦਾ
ਲੁਟੇਰੇ ਲੋਕ ਮਰ ਜਾਣੇ
ਮੇਰੀ ਧਰਤੀ ਦੇ ਮੁਜਰਮ ਨੇ
ਵਡੇਰੇ ਲੋਕ ਮਰ ਜਾਣੇ।

ਸਵੱਲਾ ਹੋਰ ਕੀ ਹੁੰਦਾ
ਭਲਾ ਇਕੱਲਾ ਪਿਓ ਅੱਗੇ
ਇਕੱਲਾ ਹੋਰ ਕੀ ਹੁੰਦਾ।

(ਪੰਚਮ ਲਾਹੌਰ)

•••

## ਮੁਨਸਫ਼

ਸ਼ਾਰਬ

ਆਖ਼ਰ "ਖ਼ਾਨ" ਨੇ ਮੌਕਾ ਵੇਖ ਕੇ
ਨੂਰੇ ਨੂੰ ਅੱਖ ਮਾਰੀ
ਪਲ ਕੁ ਮਗਰੋਂ ਕੰਨੋਂ ਫੜ ਕੇ ਭੁੰਜੇ ਲਿਆ ਬਿਠਾ
"ਤੂੰ ਭਾਵੇਂ ਸੌ ਵਾਰੀ ਆਪਣਾ ਏਂ



ਇਹ ਸ਼ਰਾਰਤ ਤੇਰੀ ਜਾਪੇ।
ਬਸ ਮੈਂ ਬੁੱਝ ਲਿਆ।"
ਪੈਰੋਂ ਲਾਹ ਕੇ ਵਿੰਹਦਿਆਂ ਵਿੰਹਦਿਆਂ
ਇਕ ਦੋ ਦਿੱਤੇ ਟਿਕਾ
"ਰੱਬ ਦੀ ਸਹੁੰ, ਅੱਜ ਮੇਰੇ ਹੱਥੋਂ
ਥਾਂ ਮਾਰਿਆ ਜਾਸੇਂ
ਦੇਹੁੰ ਲਹਿੰਦੇ ਤੋਂ ਪਹਿਲਾਂ ਜੇ ਅੱਜ
ਛੋਹਰ ਨਾ ਤੋੜ ਪੁਚਾਸੇਂ।"
ਰਾਤੀਂ ਆਪਣੇ ਘਰ ਵਿਚ
ਕਰਮ ਅਲੀ ਸਿਫ਼ਤਾਂ ਕਰਦਾ
ਵੱਡਾ ਖ਼ਾਨ ਏ ਕੇਡਾ ਚੰਗਾ
ਸ਼ਾਲਾ ਦੂਰ ਬਲਾਈਆਂ!
ਨੂਰੇ ਨੂੰ ਲਿੱਤਰ ਵੀ ਮਾਰੇ
ਬਾਹੀਆਂ ਵੀ ਪਰਤਾਈਆਂ।
ਇਹ ਗੱਲ ਸੁਣੀ, ਤੇ ਬਾਬਾ!
ਆਖ ਕੇ ਰੁੰਨੀ ਧੀ ਨਿਮਾਣੀ।
ਪੰਦਰਾਂ ਰਾਤਾਂ ਕਿਥੇ ਗੁਜ਼ਰੀਆਂ
ਇਹ ਗੱਲ ਕਿਸੇ ਨਾ ਜਾਣੀ।

•••

## ਇਕ ਨਜ਼ਮ

ਜ਼ਾਹਿਦ ਸਦੀਕੀ

ਬੇਇਤਬਾਰੀ ਦੁਨੀਆ ਦੇ ਵਿਚ
ਬੇਇਤਬਾਰੇ ਲੋਕੀਂ
ਗ਼ਰਜ਼ਾਂ ਪਾਰੋਂ
ਇੱਕ ਦੂਜੇ ਨੂੰ
ਘੁੱਟ ਘੁੱਟ ਜੱਫੀਆਂ ਪਾਂਦੇ
ਰਾਜ਼ ਦਿਲਾਂ ਦੇ
ਰੋ ਰੋ ਸੁਣਦੇ
ਹਾਸਿਆਂ ਵਿਚ ਉਡਾਉਂਦੇ
ਸੱਜਣ ਵੀ ਅਖਵਾਉਂਦੇ।

•••

## ਕਿਕਲੀ

ਮਸਊਦ ਹਿਜਾਜ਼ੀ

ਕਿਕਲੀ ਕਲੀਰ ਦੀ ਨੀ ਕਿਕਲੀ ਕਲੀਰ ਦੀ
ਦਿਲ ਦੇ ਕੇ ਦਿਲ ਲੈਣਾ, ਲੋੜ ਕੀ ਤਹਿਰੀਰ ਦੀ

ਕੈਦੋਆਂ ਨੇ ਏਥੇ ਹੁਣ ਬੇਲੇ ਸੱਭੇ ਮੱਲੇ ਨੇਂ
ਖੇੜੇ ਅੱਜ ਆ ਕੇ ਤੇ ਹੀਰ ਲੈ ਕੇ ਚੱਲੇ ਨੇਂ
ਕੋਈ ਏਥੇ ਸੁਣਦਾ ਨਹੀਂ ਰਾਂਝੇ ਦਿਲਗੀਰ ਦੀ
ਕਿਕਲੀ ਕਲੀਰ ਦੀ ਨੀ ਕਿਕਲੀ ਕਲੀਰ ਦੀ।

ਸੱਸੀਆਂ ਵਿਚਾਰੀਆਂ ਬਲੋਚਾਂ ਬਿਨ ਰੁਲੀਆਂ
ਖ਼ੌਰੇ ਕਿੱਥੇ ਮਹੀਂਵਾਲਾਂ ਪਾ ਲਈਆਂ ਕੁੱਲੀਆਂ
ਝੱਲੇ ਲੋਕੀਂ ਕਹਿਣ ਇਹ ਤਾਂ ਖੇਡ ਤਕਦੀਰ ਦੀ
ਕਿਕਲੀ ਕਲੀਰ ਦੀ ਨੀ ਕਿਕਲੀ ਕਲੀਰ ਦੀ।

ਹੁਣ ਸਾਡੇ ਬਾਗ਼ਾਂ 'ਚ ਬਹਾਰਾਂ ਨਹੀਉਂ ਆਉਂਦੀਆਂ
ਵਾਰੋ ਵਾਰੀ ਕੂੰਜਾਂ ਦੀਆਂ ਡਾਰਾਂ ਨਹੀਉਂ ਆਉਂਦੀਆਂ
ਕਦੋਂ ਤੀਕ ਮਿਲੇਗੀ ਸਜ਼ਾ ਤਕਸੀਰ ਦੀ
ਕਿਕਲੀ ਕਲੀਰ ਦੀ ਨੀ ਕਿਕਲੀ ਕਲੀਰ ਦੀ।

ਸੋਚਾਂ ਦੀਆਂ ਬੇੜੀਆਂ ਨੇ ਘੋਬਿਆਂ 'ਚ ਖੁਭੀਆਂ
ਕੱਚਿਆਂ ਤੇ ਤਰ ਤਰ ਸੋਹਣੀਆਂ ਨੇ ਡੁੱਬੀਆਂ
ਹੁਣ ਨਹੀਉਂ ਚੱਲਣੀ ਲਕੀਰ ਤੇ ਫ਼ਕੀਰ ਦੀ
ਕਿਕਲੀ ਕਲੀਰ ਦੀ ਨੀ ਕਿਕਲੀ ਕਲੀਰ ਦੀ।

ਇਕ ਦਿਨ ਰਾਂਝਣਾਂ ਨੇ ਜੋਗੀ ਬਣ ਜਾਣਾ ਏ
ਖੇੜਿਆਂ ਦੇ ਬਾਗ਼ੀ ਉਹਨਾਂ ਡੇਰਾ ਜਾ ਲਾਣਾ ਏ
ਓਸ ਦਿਨ ਲਗ ਜਾਣੀ ਬਾਜ਼ੀ ਇਹ ਅਖ਼ੀਰ ਦੀ
ਕਿਕਲੀ ਕਲੀਰ ਦੀ ਨੀ ਕਿਕਲੀ ਕਲੀਰ ਦੀ।

•••

## ਤਿੰਨ ਨਜ਼ਮਾਂ/ਰਾਸ਼ਦ ਹਸਨ ਰਾਣਾ

### 1. ਅਕੀਦੇ

ਜਿਹਨਾਂ ਅਕੀਦਿਆਂ ਵਿਚ
ਨਫ਼ਰਤ ਦੇ ਰੰਗ ਘੁਲੇ ਹੋਵਣ
ਜਿਨ੍ਹਾਂ ਸ਼ਬਦਾਂ ਵਿਚ ਕੰਧਾਂ ਉਸਰੀਆਂ ਹੋਵਣ
ਉਹ ਅਕੀਦੇ ਤੇ ਸ਼ਬਦ
ਇਨਸਾਨਾਂ ਦੇ ਕਾਬਿਲ ਨਹੀਂ ਹੁੰਦੇ
ਸਿਰਫ਼ ਦੁਕਾਨਦਾਰਾਂ ਦੇ ਕੰਮ ਆਉਂਦੇ ਨੇ।

### 2. ਜਿਸ ਦਿਨ

ਜਿਸ ਦਿਨ ਸ਼ਹਿਰ ਦੀਆਂ ਸੜਕਾਂ ਉੱਤੇ
ਅੰਨੇ ਅਕੀਦੇ ਹਨੇਰੀ ਬਣ ਕੇ ਝੁੱਲੇ ਸਨ
ਓਸ ਦਿਨ ਬਸਤੀ ਦੇ ਬਾਗਾਂ ਦੇ ਫੁੱਲ
ਲਾਇਬ੍ਰੇਰੀਆਂ ਦੀਆਂ ਕਿਤਾਬਾਂ
ਥੀਏਟਰ ਦੇ ਪਰਦੇ ਨਾਲੇ ਸੀਨਰੀਆਂ
ਆਡੀਟੋਰੀਅਮ ਦੇ ਵਿਚ ਲੱਗੇ ਹੋਏ
ਮੱਸਵਰੀ ਦੇ ਸੰਗ-ਤਰਾਸ਼ੀ ਦੇ ਨਮੂਨੇ
ਅਤੇ ਸਟੇਜ ਉੱਤੇ ਪਏ ਹੋਏ ਸਾਜ਼
ਕੰਬ ਕੰਬ ਗਏ ਸਨ।

### 3. ਫੁੱਲ ਤੇ ਤਿਤਲੀਆਂ

ਫੁੱਲ, ਤਿਤਲੀਆਂ ਤੇ ਜੁਗਨੂੰ
ਸਹਿਮੇ ਹੋਏ ਸਨ
ਕਿਉਂ ਜੇ
ਬਸਤੀ ਦੇ ਚੌਕਾਂ ਵਲੋਂ
ਤੇਜ਼ ਹਵਾ,
ਰੁੱਖਾਂ ਪਿੱਛੇ ਲੁੱਕ ਕੇ
ਪੱਤਿਆਂ ਵਿਚ ਮੂੰਹ ਦੇ ਕੇ
ਹੌਲੀ ਹੌਲੀ ਰੋਂਦੀ ਪਈ ਏ। •••

## ਗ਼ਜ਼ਲ

**ਨਜ਼ੀਰ ਕੈਸਰ**

ਮੇਲਾ ਭਰਿਆ ਹੋਇਆ ਸੀ।
ਬੰਦਾ ਡਰਿਆ ਹੋਇਆ ਸੀ।

ਅੱਖੀਆਂ ਖੁੱਲ੍ਹੀਆਂ ਹੋਈਆਂ ਸਨ।
ਸੁਪਨਾ ਮਰਿਆ ਹੋਇਆ ਸੀ।

ਅੰਦਰ ਅੱਗਾਂ ਲੱਗੀਆਂ ਸਨ।
ਪਿੰਡਾਂ ਠਰਿਆ ਹੋਇਆ ਸੀ।

ਬਾਰੀਆਂ ਖੁੱਲ੍ਹੀਆਂ ਹੋਈਆਂ ਸਨ।
ਬੱਦਲ ਵਰ੍ਹਿਆ ਹੋਇਆ ਸੀ।

ਮੌਸਮ ਉਹਦੀਆਂ ਅੱਖੀਆਂ ਵਿਚ
ਡੁੱਬਿਆ ਤਰਿਆ ਹੋਇਆ ਸੀ।

ਉਹਨੇ ਆਪਣੇ ਬੂਹੇ 'ਤੇ
ਸੂਰਜ ਧਰਿਆ ਹੋਇਆ ਸੀ।

'ਕੈਸਰ' ਇੱਕੋ ਹਰਫ਼ ਦੇ ਨਾਲ
ਵਰਕਾ ਭਰਿਆ ਹੋਇਆ ਸੀ।



## ਜਰਨਲ ਜੀ ! ਬਾਬਾ ਨਜ਼ਮੀ

ਪੱਕੇ ਪੈਰ ਜਮਾ ਨਾ ਲੈਣਾ ਜਰਨਲ ਜੀ
ਲੰਮੇ ਡੇਰੇ ਲਾ ਨਾ ਲੈਣਾ ਜਰਨਲ ਜੀ।

ਵਿਚ ਮੈਦਾਨੇ ਐਬ ਉਛਾਲੇ ਜਿਹਨਾਂ ਦੇ
ਬੁੱਕਲ ਵਿਚ ਲੁਕਾ ਨਾ ਲੈਣਾ ਜਰਨਲ ਜੀ।

ਗੰਦ ਮੁਕਾ ਕੇ ਘਰ ਦੀ ਚਾਬੀ ਮੋੜ ਦਿਓ
ਘਰ ਨੂੰ ਜੱਫਾ ਪਾ ਨਾ ਲੈਣਾ ਜਰਨਲ ਜੀ।

ਬਚਿਆ ਖੁਚਿਆ ਜਿਹੜਾ ਘਰ ਦੇ ਚੋਰਾਂ ਤੋਂ
ਕਿਧਰੇ ਤੁਸੀਂ ਉਡਾ ਨਾ ਲੈਣਾ ਜਰਨਲ ਜੀ।

ਦਿੱਤੀਆਂ ਨੇ ਬੰਦੂਕਾਂ ਆਪਣੇ ਦੁਸ਼ਮਣ ਲਈ,
ਸਾਡੇ ਵੱਲ ਘੁਮਾ ਨਾ ਲੈਣਾ ਜਰਨਲ ਜੀ।

ਜਿੱਥੋਂ ਤੀਕਰ ਹੱਦ ਤੁਹਾਡੀ ਠੀਕ ਤੁਸੀਂ,
ਹੱਦੋਂ ਪੈਰ ਵਧਾ ਨਾ ਲੈਣਾ ਜਰਨਲ ਜੀ।

ਆ ਨਾ ਜਾਈਏ ਸੜਕਾਂ ਉੱਤੇ ਮੰਗਣ ਲਈ,
ਸਾਡਾ ਹੱਕ ਦਬਾ ਨਾ ਲੈਣਾ ਜਰਨਲ ਜੀ।

ਮਾਰਨ ਦੇ ਲਈ ਆਪਣੇ ਘਰ ਦੇ ਸੱਚਿਆਂ ਨੂੰ
ਪੱਥਰ ਝੋਲੀ ਪਾ ਨਾ ਲੈਣਾ ਜਰਨਲ ਜੀ।

ਚੜ੍ਹਦੀ ਬੜੀ ਖ਼ੁਮਾਰੀ ਸਿਰ ਨੂੰ ਚੌਧਰ ਦੀ,
ਕਿਧਰੇ ਰੱਬ ਭੁਲਾ ਨਾ ਲੈਣਾ ਜਰਨਲ ਜੀ।

ਕਾਲੀ ਵਿਚ ਕਿਤਾਬੇ ਉਹਨਾਂ ਵਾਂਗ ਤੁਸੀਂ
ਆਪਣਾ ਨਾਂ ਲਿਖਵਾ ਨਾ ਲੈਣਾ ਜਰਨਲ ਜੀ।

ਖ਼ੁਦਗਰਜ਼ੀ ਦੀ ਮਲ ਸਿਆਹੀ ਸ਼ੀਸ਼ੇ ਤੇ,
ਸਾਡੇ ਮੂੰਹ ਖੁਲਵਾ ਨਾ ਲੈਣਾ ਜਰਨਲ ਜੀ।

ਵਗਦੇ ਸਾਡੇ ਜ਼ਖ਼ਮਾਂ ਉੱਤੇ ਧੂੜਨ ਲਈ,
ਲੂਣ ਕਿਤੇ ਮੰਗਵਾ ਨਾ ਲੈਣਾ ਜਰਨਲ ਜੀ।

ਸੂਲੀ ਚਾੜ੍ਹਨ ਵੇਲੇ ਭੈੜੇ ਲੋਕਾਂ ਚੋਂ
ਆਪਣੇ ਯਾਰ ਬਚਾ ਨਾ ਲੈਣਾ ਜਰਨਲ ਜੀ।

(5 ਜਨਵਰੀ 2001)

## ਚਾਰ ਨਜ਼ਮਾਂ/ਅਲੀਮ ਸ਼ਕੀਲ

### 1. ਪੀੜ੍ਹੀ ਥੱਲੇ ਸੋਟਾ

ਆਪਣਾ ਗਲਵਾਂ ਝਾਕਣ ਮਗਰੋਂ
ਚਾਨਣ ਹੋਇਆ
ਕਿੱਡਾ ਨੀਵਾਂ ਹੋਇਆ ਬੈਠਾ
ਰੱਬਾ ਤੇਰਾ ਆਦਮ ਜਾਇਆ।

### 2

ਤੈਥੋਂ ਕੋਠੀ ਕਾਰ ਤੇ
ਨਹੀਂ ਸੀ ਮੰਗੀ ਰੱਬਾ!
ਮੈਂ ਤੇ ਰੋਟੀ, ਤਨ ਦਾ ਕੱਪੜਾ
ਘਰ ਮੰਗਿਆ ਸੀ
ਜੋ ਤੂੰ ਮੈਨੂੰ ਦੇ ਨਾ ਸਕਿਆ
ਜਾਂ ਫਿਰ ਅੱਜ ਤੋਂ
ਤੇਰੀ ਮੇਰੀ ਛੂਹ ਈ ਰੱਬਾ।

### 3. ਮੁੱਲਾਂ

ਇਨਸਾਨਾਂ ਦੀ ਨਸਲ ਦੇ ਦੁਸ਼ਮਣ
ਸਾਧਾਂ ਨੂੰ ਛਲੀ ਜਾਂਦੇ ਨੇ
ਆਪਣਾ ਲੁੱਚ
ਤਲੀ ਜਾਂਦੇ ਨੇ।

### 4. ਚੋਣਾਂ

ਸੱਚਿਆ ਰੱਬਾ!
ਤੂੰ ਕਿਧਰੇ ਕਰਵਾਵੇਂ ਚੋਣਾਂ
ਹਰ ਜਾਵੇਂਗਾ
ਜਿੱਤ ਜਾਣਾ ਸਰਮਾਏਦਾਰ।

## ਗ਼ਜ਼ਲ/ਬਾਬਾ ਨਜ਼ਮੀ

'ਵਾਰਸ' 'ਬੁੱਲ੍ਹੇ' ਵਰਗੀ ਮੈਨੂੰ ਸ਼ਾਇਰੀ ਦੇ ਦੇ ਥੋਹੜੀ ਜਹੀ
ਮੇਰੇ ਸਹਿਕਦੇ ਅੱਖਰਾਂ ਨੂੰ ਵੀ, ਜ਼ਿੰਦਗੀ ਦੇ ਦੇ ਥੋਹੜੀ ਜਹੀ

ਹੀਣੇ ਸਮਝ ਕੇ ਜਿਹੜੇ ਅੱਖਰ, 'ਮੀਏਂ ਮੁਹੰਮਦ' ਵਰਤੇ ਨਹੀਂ,
ਕੱਠੇ ਕਰਨ ਲਈ ਮੋਤੀ ਮੈਨੂੰ, ਛੁੱਟੀ ਦੇ ਦੇ ਥੋਹੜੀ ਜਹੀ

'ਨਾਨਕ' ਵਰਗਾ ਹੇਜਲਾ ਪੁੱਤਰ ਮਾਂ-ਬੋਲੀ ਦਾ ਕੋਈ ਨਹੀਂ,
ਉਹਦੀ ਵਿਚ ਦਵਾਤੋਂ ਗੂੜ੍ਹੀ, ਸ਼ਾਹੀ ਦੇ ਦੇ ਥੋਹੜੀ ਜਹੀ

ਜਦ ਤੱਕ ਮੇਰੇ ਸਾਹ ਨੇ ਬਾਕੀ ਕਹਿੰਦਾ ਐਨੁਲਹੱਕ ਫਿਰਾਂ,
'ਸ਼ਾਹ ਹੁਸੈਨ' ਦੀ ਮਸਤੀ ਵਿਚੋਂ, ਮਸਤੀ ਦੇ ਦੇ ਥੋਹੜੀ ਜਹੀ

ਮਿੱਠੇ ਦੇ ਪੱਜ ਦੁਨੀਆ ਆਖੇ, ਕੌੜ ਵੀ ਖਾਧੀ ਜਾਂਦੀ ਏ,
ਡਿੱਗੀ ਢੱਠੀ 'ਬਾਹੂ' ਵਾਲੀ, ਮਿਸ਼ਰੀ ਦੇ ਦੇ ਥੋਹੜੀ ਜਹੀ

ਮੇਰਾ ਵਰਗਾ ਘੋਗੜ ਕਾਂ ਵੀ ਖ਼ੌਰੇ ਸੁਰ ਵਿਚ ਬੋਲ ਪਏ,
'ਪੀਰ ਫਰੀਦਾ' ਆਪਣੀ ਸੁੱਚੀ ਗੁੜ੍ਹਤੀ ਦੇ ਦੇ ਥੋਹੜੀ ਜਹੀ

ਖ਼ੈਰ ਖ਼ਿਆਲਾਂ ਵਾਲਾ ਮੈਨੂੰ 'ਖ਼ਵਾਜਾ ਫਰੀਦ' ਤੋਂ ਮੰਗਣ ਦੇ,
ਸ਼ਿਵ-ਕੁਮਾਰਾ ਆ ਕੇ ਮੇਰੀ ਗਵਾਹੀ ਦੇ ਦੇ ਥੋਹੜੀ ਜਹੀ





## ਅੱਲ੍ਹਾ ਮੀਆਂ ਥੱਲੇ ਆ !

ਅੱਲ੍ਹਾ ਮੀਆਂ ਥੱਲੇ ਆ, ਆਪਣੀ ਦੁਨੀਆਂ ਵੇਂਹਦਾ ਜਾ,
ਜਾਂ ਅਸਮਾਨੋਂ ਰਿਜ਼ਕ ਵਰਾਅ ਜਾਂ ਫਿਰ ਕਰ ਜਾ ਮੁੱਕ-ਮੁਕਾ।

ਤੈਨੂੰ ਧੀ ਵਿਆਹੁਣੀ ਪੈਂਦੀ। ਨਾਨਕੀ ਛੱਟ ਬਣਾਣੀ ਪੈਂਦੀ।
ਰੁੱਸੀ ਭੈਣ ਮਨਾਉਣੀ ਪੈਂਦੀ। ਲੱਥ ਜਾਂਦੇ ਸਭ ਤੇਰੇ ਚਾਅ।
ਅੱਲ੍ਹਾ ਮੀਆਂ ਥੱਲੇ ਆ।

ਧੀਆਂ ਨੂੰ ਤੂੰ ਜੰਮਣ ਦੇਂਦੋਂ। ਕੁੜਮਾਂ ਦੇ ਤੂੰ ਤਾਹਨੇ ਸਹਿੰਦੋਂ।
ਨਾਲ ਸ਼ਰੀਕਾਂ ਕਦੇ ਨਾ ਬਹਿੰਦੋਂ। ਮਿੱਟੀ ਜਾਂਦੀ ਕੱਪੜੇ ਖਾ।
ਅੱਲ੍ਹਾ ਮੀਆਂ ਥੱਲੇ ਆ।

ਤੇਰੇ ਘਰ ਨਾ ਦਾਣੇ ਹੁੰਦੇ। ਪਾਟੇ ਲੇਫ ਪੁਰਾਣੇ ਹੁੰਦੇ।
ਕਮਲ਼ੇ ਲੋਕ ਸਿਆਣੇ ਹੁੰਦੇ। ਪਾ ਦੇਂਦੇ ਤੈਨੂੰ ਘਬਰਾ।
ਅੱਲ੍ਹਾ ਮੀਆਂ ਥੱਲੇ ਆ।

ਤੇਰਾ ਕੋਠਾ ਚੋਂਦਾ ਰਹਿੰਦਾ। ਭਿਜਦਾ ਰਹਿੰਦੋਂ ਉੱਠਦਾ-ਬਹਿੰਦਾ।
ਦਿਸਦਾ ਨ ਤੈਨੂੰ ਚੜ੍ਹਦਾ ਲਹਿੰਦਾ। ਉੱਗ ਪੈਂਦਾ ਹਰ ਪਾਸੇ ਘਾਹ।
ਅੱਲ੍ਹਾ ਮੀਆਂ ਥੱਲੇ ਆ।

ਤੇਰੀ ਮਾਂ ਤੇ ਪਿਓ ਨਾ ਹੁੰਦਾ। ਘਰ ਵਿਚ ਆਟਾ ਘਿਓ ਨਾ ਹੁੰਦਾ।
ਜੋ ਤੂੰ ਚਾਹੁੰਦੋਂ, ਸੋ ਨਾ ਹੁੰਦਾ। ਵੇਂਹਦਾ ਵਿਕਦੀ ਕਿਸ ਕਿਸ ਭਾਅ।
ਅੱਲ੍ਹਾ ਮੀਆਂ ਥੱਲੇ ਆ।

ਭੁੱਖ ਨੰਗ ਮੈਨੂੰ ਜੀਣ ਨਹੀਂ ਦੇਂਦੀ। ਨਿੱਜੜੀ ਕੱਪੜੇ ਸੀਣ ਨਹੀਂ ਦਿੰਦੀ।
ਵਹੁਟੀ ਮੈਨੂੰ ਕੂਣ ਨਹੀਂ ਦੇਂਦੀ। ਘਰ ਵਿਚ ਲੱਗ ਗਈ ਮਾਰਸ਼ਲ ਲਾ।
ਅੱਲ੍ਹਾ ਮੀਆਂ ਥੱਲੇ ਆ।

ਵੇਖ 'ਸ਼ੀਏ' ਤੇ ਵਹਾਬੀ ਲੜਦੇ ਪਏ। ਸੁੰਨੀ ਡਾਗਾਂ ਲੈ ਕੇ ਚੜ੍ਹ ਪਏ।
ਇੱਕ ਦੂਜੇ ਨੂੰ ਕਤਲ ਕਰੇਂਦੇ। ਆਖਣ ਸਾਡਾ ਇੱਕ ਖ਼ੁਦਾ।
ਅੱਲ੍ਹਾ ਮੀਆਂ ਥੱਲੇ ਆ।

ਸਿੱਧਾ ਸਾਦਾ ਸਾਊ ਹੁੰਦੋਂ। ਮਸਕੀਨਾਂ ਦਾ ਭਾਊ ਹੁੰਦੋਂ।
ਦਫਤਰ ਦੇ ਵਿਚ ਬਾਊ ਹੁੰਦੋਂ। ਅਫ਼ਸਰ ਦੇਂਦੇ ਮਗਜ਼ ਖਪਾ।
ਅੱਲ੍ਹਾ ਮੀਆਂ ਥੱਲੇ ਆ।

ਵੇਖ ਧੀਆਂ ਲਈ ਮਾਪੇ ਮਰ ਗਏ। ਜਾਨ ਦੀ ਬਾਜ਼ੀ ਲਾ ਕੇ ਹਰ ਗਏ।
ਇੱਜ਼ਤ ਦੇ ਘਰ ਸੁੰਞੇ ਕਰ ਗਏ। ਕਰ ਗਿਆ ਪਹਿਰੇਦਾਰ ਤਬਾਹ।
ਅੱਲ੍ਹਾ ਮੀਆਂ ਥੱਲੇ ਆ।

ਚੋਰੀ ਦਾ ਇਲਜ਼ਾਮ ਗਰੀਬੀ। ਰੋਂਦੀ ਫਿਰੇ ਇਨਾਇਤ ਬੀਬੀ।
ਪੁੱਤ ਛੁਡਾਵਣ ਲਈ ਗਲ ਖਾਨਾ, ਲੈਂਦਾ ਮਰ ਗਿਆ ਉੱਭੇ ਸਾਹ।
ਅੱਲ੍ਹਾ ਮੀਆਂ ਥੱਲੇ ਆ।

ਤੇਰੇ ਘਰ ਲਈ ਚੰਦਾ ਮੰਗਦੇ। ਡਰਦੇ ਲੋਕ ਨਾ ਕੋਲੋਂ ਲੰਘਦੇ।
ਸਭ ਨੂੰ ਘਰ ਤੇ ਦੇ ਨਹੀਂ ਸਕਿਆ। ਆਪਣਾ ਘਰ ਤੇ ਆਪ ਬਣਾ।
ਅੱਲ੍ਹਾ ਮੀਆਂ ਥੱਲੇ ਆ।

ਨੇਕ ਮੁਹੰਮਦ ਕਿੱਧਰ ਜਾਵੇ। ਰੋਟੀ ਰਿਜ਼ਕ ਹਲਾਲ ਕਮਾਵੇ।
ਤੇਰਾ ਹੁਕਮ ਤੇ ਤੈਯਬ ਰੋਜ਼ੀ। ਬਣ ਗਿਆ ਉਹਦੇ ਗਲ ਦਾ ਫਾਹ।
ਅੱਲ੍ਹਾ ਮੀਆਂ ਥੱਲੇ ਆ।

ਸਕੇ ਵੀਰ ਦੇ ਬਲਦ ਵਿਕਾ 'ਤੇ। ਭੈਣ ਨੇ ਧੀ ਨੂੰ ਸ਼ਗਨ ਲਵਾ ਤੇ।
ਉਹਦੇ ਉੱਤੇ ਕਰਜ਼ ਚੜ੍ਹਾ ਤੇ। ਰਿਸ਼ਤਾ ਲਿਆ ਸੂ ਫੇਰ ਪਰਤਾ।
ਅੱਲ੍ਹਾ ਮੀਆਂ ਥੱਲੇ ਆ।

ਜਾਬਰ ਮਰਦ ਜ਼ਨਾਨੀ ਕੁੱਟਣ। ਬਲਦੇ ਚੁੱਲਵੇ ਉੱਤੇ ਸੁੱਟਣ।
ਨੱਕ ਵੱਢਣ ਤੇ ਗੁੱਤਾਂ ਪੁੱਟਣ, ਮਗਰੋਂ ਲਿਖਤਾਂ ਦੇਣ ਫੜਾ।
ਅੱਲ੍ਹਾ ਮੀਆਂ ਥੱਲੇ ਆ।

ਲਿਖਤ ਮਿਲੇ ਤੇ ਮੁੱਲਾਂ ਲੇਖੇ। ਪੰਜ ਸ਼ਰੀਅਤਾਂ ਪਾਣ ਭੁਲੇਖੇ।
ਧੀ ਦਾ ਕੌਣ ਹਵਾਲਾ ਵੇਖੇ। ਆਪਣੇ ਜੁਰਮ ਦੀ ਦੇਣ ਸਜ਼ਾ।
ਅੱਲ੍ਹਾ ਮੀਆਂ ਥੱਲੇ ਆ।



ਮੁੱਲਾਂ ਕਾਜ਼ੀ ਢਿੱਡੋਂ ਖੋਟੇ। ਵੱਢੀ ਖਾ ਖਾ ਹੋ ਗਏ ਮੋਟੇ।
ਸੱਚ ਆਖਾਂ ਤੇ ਮਾਰਨ ਸੋਟੇ। ਮਗਰੋਂ ਦੇਂਦੇ ਫਤਵਾ ਲਾ।
ਅੱਲ੍ਹਾ ਮੀਆਂ ਥੱਲੇ ਆ।

ਮਾੜੇ ਦੀ ਧੀ ਕੱਢ ਨਚਾਂਦੇ। ਖਲਕ ਨੂੰ ਉਸ ਦਾ ਨੰਗ ਵਿਖਾਂਦੇ।
ਘਰ ਵਿਚ ਧੀ ਏ ਖ਼ੌਫ਼ ਨਾ ਖਾਂਦੇ। ਮੂਲ ਨਾ ਕਰਦੇ ਸ਼ਰਮ ਹੱਯਾ।
ਅੱਲ੍ਹਾ ਮੀਆਂ ਥੱਲੇ ਆ।

ਆਖਣ ਜ਼ੁਲਮ ਦੀ ਰੱਸੀ ਲੰਮੀ। ਵਿਚ ਬਹਿਸ਼ਤੀ ਜਾਣਗੇ ਕੰਮੀਂ।
ਦੇ ਕੇ ਤਗੜੇ ਸੋਚ ਨਿਕੰਮੀ। ਲੁੱਟ ਲੈਂਦੇ ਮਾੜੇ ਦੇ ਚਾਅ।
ਅੱਲ੍ਹਾ ਮੀਆਂ ਥੱਲੇ ਆ।

ਰਾਂਝੇ ਚਾਵਾਂ ਨਾਲ ਸਹੇੜੇ। ਮਿਲਿਆ ਦਾਜ ਨਾ ਬਣ ਗਏ ਖੇੜੇ।
ਸੁੰਞੇ ਹੋ ਗਏ ਵਸਦੇ ਵਿਹੜੇ। ਜਾਂਦੀ ਵਾਰੀ ਲਾ ਗਏ ਦਾਅ।
ਅੱਲ੍ਹਾ ਮੀਆਂ ਥੱਲੇ ਆ।

ਭੁੱਖ ਤੋਂ ਡਰਦੀ ਆਈ ਬੰਗਾਲਣ। ਮੰਗਦੀ ਰੋਟੀ ਕੱਪੜਾ ਸਾਲਣ।
ਵੇਚਣ, ਰੰਨ ਬਣਾ ਕੇ ਪਾਲਣ। ਰਕਮਾਂ ਵੱਟ ਕੇ ਦੇਣ ਫੜਾ।
ਅੱਲ੍ਹਾ ਮੀਆਂ ਥੱਲੇ ਆ।

ਸ਼ਹਿਰਾਂ ਵਿਚ ਹਨੇਰ ਨੇ ਝੁੱਲੇ। ਬੱਚਿਆਂ ਦੇ ਲਹੂ ਫਰਸ਼ੀ ਡੁੱਲ੍ਹੇ।
ਕਿੱਥੋਂ ਲਿਆਈਏ 'ਖਰਲ' ਤੇ 'ਦੁੱਲੇ'। ਟੁਰ ਪੈਣ ਜਿਹੜੇ ਮੱਥਾ ਲਾ।
ਅੱਲ੍ਹਾ ਮੀਆਂ ਥੱਲੇ ਆ।

ਗਲੀਆਂ ਦੇ ਵਿਚ ਫਿਰੇ ਉਦਾਸੀ। ਫੇਰਾ ਲਾ ਗਈ ਮੌਤ ਦੀ ਮਾਸੀ।
ਡਰਦੀ ਖਲਕਤ ਬਣ ਗਈ ਦਾਸੀ। ਨਿਕਲੇ 'ਵਾ ਦੇ ਨਾਲ ਤਰਾਹ।
ਅੱਲ੍ਹਾ ਮੀਆਂ ਥੱਲੇ ਆ।

ਧੀ ਕੰਮੀ ਦੀ ਸੋਹਣੀ ਹੋਵੇ। ਵਹੁਟੀ ਜੇ ਮਨਮੋਹਣੀ ਹੋਵੇ।
ਉਹਦੇ ਲਈ ਤੇ ਹੋਣੀ ਹੋਵੇ। ਤਗੜੇ ਲੈਂਦੇ ਚੁੱਕ ਚੁਕਾ।
ਅੱਲ੍ਹਾ ਮੀਆਂ ਥੱਲੇ ਆ।

ਧੀ ਮਾੜੇ ਦੀ ਮਾਰ ਸੁੱਟੀ ਨੇ। ਇੱਜ਼ਤ ਲੁੱਟ ਵਿਚ ਗ਼ਾਰ ਸੁੱਟੀ ਨੇ।

ਰੋਂਦੀ ਤੇ ਕੁਰਲਾਂਦੀ ਰਹਿ ਗਈ। ਕੋਲ ਖਲੋਤੇ ਰਹੇ ਭਰਾ।
ਅੱਲ੍ਹਾ ਮੀਆਂ ਥੱਲੇ ਆ।

ਸੋਲਾਂ ਸਾਲ ਦੀ ਰੂਪ ਕੁਮਾਰੀ। ਕਿੱਲੋ ਸੋਨੇ ਨਾਲ ਸ਼ਿੰਗਾਰੀ।
ਜਬਰਨ ਚਾੜ੍ਹ ਸਤੀ 'ਤੇ ਮਾਰੀ। ਪੰਡਤ ਲੈ ਗਏ ਨਾਲ ਸਵਾਹ।
ਅੱਲ੍ਹਾ ਮੀਆਂ ਥੱਲੇ ਆ।

ਗੈਂਗ-ਰੇਪ ਨਾ ਥਾਂ ਥਾਂ ਹੁੰਦੇ। ਲਾਹ ਲੈਂਦੇ ਮੋਈਆਂ ਦੇ ਬੁੰਦੇ।
ਘਿਓ ਦੀ ਥਾਂ ਤੇ ਵਰਤਣ ਕੁੰਦੇ। ਮਿਰਚੀਂ ਦੇਂਦੇ ਫੱਕ ਰਲਾ।
ਅੱਲ੍ਹਾ ਮੀਆਂ ਥੱਲੇ ਆ।

ਹੱਥੀਂ ਛੁਰੀਆਂ ਜਿੱਧਰ ਜਾਂਦੇ। ਨੱਕੋਂ ਕੰਨੋਂ ਜ਼ੇਵਰ ਲਾਹੁੰਦੇ।
ਨੰਗੀਆਂ ਲਾਸ਼ਾਂ ਨਹੀਂ ਦਫ਼ਨਾਂਦੇ। ਹੁਰਮਤ ਦੇਂਦੇ ਹੋਰ ਵਧਾ।
ਅੱਲ੍ਹਾ ਮੀਆਂ ਥੱਲੇ ਆ।

ਵੇਖ ਵਡੇਰੇ ਗ਼ਦਰ ਮਚਾਂਦੇ। ਧੀਆਂ ਨਾਲ ਕਰਾਨ ਨਿਕਾਂਹਦੇ।
ਪੁੱਤਰਾਂ ਲਈ ਦਿੱਤ-ਦਾਤ ਬਚਾਂਦੇ। ਧੀ ਦਾ ਹਿੱਸਾ ਲੈਣ ਲੁਕਾ।
ਅੱਲ੍ਹਾ ਮੀਆਂ ਥੱਲੇ ਆ।

ਲੁੱਟਦੇ ਕਈ ਦਸਤੂਰ ਬਣਾ ਕੇ। ਬੰਦਿਆਂ ਨੂੰ ਮਜਬੂਰ ਬਣਾ ਕੇ।
ਕੱਪੜੇ ਰੂੰ ਦੀ ਹੂਰ ਬਣਾ ਕੇ। ਅੰਨ੍ਹਾਂ ਲੈਂਦੇ ਆਹਰੇ ਲਾ।
ਅੱਲ੍ਹਾ ਮੀਆਂ ਥੱਲੇ ਆ।

ਵੇਖ ਆਪਣੇ ਨੇਕਾਂ ਦਾ ਕਾਰਾ। ਮਾਲ ਯਤੀਮਾਂ ਖਾ ਗਏ ਸਾਰਾ।
ਇਕ ਪਿਉ ਦਾ ਢਾਹ ਕੇ ਢਾਰਾ। ਦਿੱਤੀ ਇੱਕ ਮਸੀਤ ਬਣਾ।
ਅੱਲ੍ਹਾ ਮੀਆਂ ਥੱਲੇ ਆ।

ਇਕ ਬੇਵਾ ਦਾ ਪੁੱਤਰ ਮੋਇਆ। ਆਣ ਸ਼ਰੀਕਾਂ 'ਕੱਠਾ ਹੋਇਆ।
ਕੁਝ ਤੇ ਲੱਗ ਗਿਆ ਗੋਰ ਕਫ਼ਨ 'ਤੇ। ਬਾਕੀ ਗਿਆ ਸ਼ਰੀਕਾਂ ਖਾ।
ਅੱਲ੍ਹਾ ਮੀਆਂ ਥੱਲੇ ਆ।

ਪਿੰਡਾਂ ਦੇ ਪਿੰਡ ਖ਼ਾਲੀ ਹੋ ਗਏ। ਲੱਖਾਂ ਹੱਥ ਸਵਾਲੀ ਹੋ ਗਏ।
ਕਾਂ ਬਾਗਾਂ ਦੇ ਮਾਲੀ ਹੋ ਗਏ। ਬੁਲਬੁਲ ਲਈ ਨੇ ਪਿੰਜਰੇ ਪਾ।
ਅੱਲ੍ਹਾ ਮੀਆਂ ਥੱਲੇ ਆ।



ਗਰੁੱਪ ਹਥੌੜੇ ਮਾਰ ਕੇ ਚੋਟਾਂ। ਸਿਰੀਆਂ ਫੇਂਹਦੇ ਵਾਂਗ ਅਖਰੋਟਾਂ।
ਫੇਰ ਵੀ ਦਰਜ ਨਾ ਹੋਣ ਰਿਪੋਟਾਂ। ਨਾਕੇ ਤੋੜ ਕੇ ਹੋਣ ਹਵਾ।
ਅੱਲ੍ਹਾ ਮੀਆਂ ਥੱਲੇ ਆ।

ਦੇਸ਼ ਦੇ ਵਿਹੜੇ ਹੋ ਗਏ ਸੌੜੇ। ਜਾਬਰ ਫਿਰਦੇ ਹੋ ਹੋ ਚੌੜੇ।
ਪੰਡਤ ਮੁੱਲਾਂ ਬੋਲਣ ਕੌੜੇ। ਤੂੰ ਕਿਓਂ ਹੋ ਗਿਓਂ ਬੇਪ੍ਰਵਾਹ?
ਅੱਲ੍ਹਾ ਮੀਆਂ ਥੱਲੇ ਆ।

ਦੋ ਦੋ ਹੱਥੀਂ ਮਾਇਆ ਹੂੰਝੀ। ਖਾ ਗਏ ਪਾਕ ਕਿਤਾਬ ਦੀ ਪੂੰਜੀ
ਤਾਜ ਕੰਪਨੀ ਹੋਈ ਨਾ ਲੂੰਝੀ। ਤੈਨੂੰ ਵੀ ਲਾ ਗਏ ਨੇ ਦਾਅ।
ਅੱਲ੍ਹਾ ਮੀਆਂ ਥੱਲੇ ਆ।

ਹਰ ਬਸਤੀ ਵਿਚ ਬੰਬ ਧਮਾਕੇ। ਉੱਡਿਆ ਗੋਸ਼ਤ ਤੇ ਮਰ ਗਏ ਕਾਕੇ
ਦਸ ਦਸ ਮਣ ਦੇ ਲੱਗ ਗਏ ਢਾਕੇ। ਬੰਬਾਂ ਦਿੱਤਾ ਮਾਸ ਉਡਾ
ਅੱਲ੍ਹਾ ਮੀਆਂ ਥੱਲੇ ਆ।

ਵੇਖ ਕੇ ਪੁੱਤਰਾਂ ਜ਼ੁਲਮ ਕਮਾਇਆ। ਮਾਂ ਮਿੱਲਤ ਨੂੰ ਆਪ ਹਰਾਇਆ
ਖਾ ਗਏ ਨੇ ਜੰਨਤ ਦਾ ਸਾਇਆ। ਚਿੱਟੇ ਝਾਟੇ ਪਾਈ ਸਵਾਹ
ਅੱਲ੍ਹਾ ਮੀਆਂ ਥੱਲੇ ਆ।

ਅਰਬਾਂ ਹੱਲ ਕਰਨ ਮਜ਼ਦੂਰੀ। ਚੰਦ ਖਾਂਦੇ ਨੇ ਘਿਓ ਦੀ ਚੂਰੀ
ਰਿਜਕ ਹਲਾਲ ਨਾ ਪੈਂਦੀ ਪੂਰੀ। ਔਖੇ ਹੋ ਗਏ ਲੈਣੇ ਸਾਹ।
ਅੱਲ੍ਹਾ ਮੀਆਂ ਥੱਲੇ ਆ।

ਡਾਕੂ ਚੋਰਾਂ ਵਿਚ ਯਕ-ਜਹਿਤੀ। ਰਲ ਕੇ ਚੋਰੀ ਕਰਨ ਡਕੈਤੀ
ਰਕਮਾਂ ਦੱਸਣ ਘਰ ਦੇ ਭੇਤੀ। ਜਾਨ ਮੁਆਫ਼ਜ਼ ਅੱਖ ਚੁਰਾ
ਅੱਲ੍ਹਾ ਮੀਆਂ ਥੱਲੇ ਆ।

ਹੋ ਗਏ ਸਭ ਨਾਕਾਮ ਹਟਾਚੀ। ਵਾਹਜ਼ਾਂ ਕਰ ਕਰ ਥੱਕ ਗਈ ਬਾਚੀ
ਬੰਦ ਨਾ ਹੋਇਆ ਲਹੂ ਕਰਾਚੀ। ਅਮਨਾਂ ਦੇ ਝੰਡੇ ਲਹਿਰਾ।
ਅੱਲ੍ਹਾ ਮੀਆਂ ਥੱਲੇ ਆ।

ਕੀ ਪੜ੍ਹਦਾ ਮੈਂ ਸਬਜ਼ ਕਿਤਾਬਾਂ। ਫਿਰਕਾ-ਬੰਦੀ ਵਿਚ ਨਸਾਬਾਂ

ਅਕਲੀਅਤਾਂ ਨੇ ਵਿਚ ਅਜ਼ਾਬਾਂ। ਮੁੱਲਾਂ ਵਾੜਰ ਦੇਣ ਹਵਾ
ਅੱਲ੍ਹਾ ਮੀਆਂ ਥੱਲੇ ਆ।

ਜੋ ਕੋਈ ਗੱਲ ਲੋਕਾਈ ਦੀ ਕਰਦਾ। ਫਾਕੇ ਦੁੱਖ ਹਟਾਈ ਦੀ ਕਰਦਾ
ਜਾਬਰ ਨਾਲ ਡਟਾਈ ਦੀ ਕਰਦਾ। ਉਹਨੂੰ ਦੇਂਦੇ ਦਾਰ ਚੜ੍ਹਾ
ਅੱਲ੍ਹਾ ਮੀਆਂ ਥੱਲੇ ਆ।

ਕਿੱਥੋਂ ਆਵਣ ਇਹ ਦਹਿਸ਼ਤ-ਗਰਦੇ। ਕਿਹੜਾ ਮਾਲਕ ਕਿਸ ਦੇ ਬਰਦੇ
ਮਾਰਨ ਲੋਕਾਂ ਆਬ ਨਾ ਮਰਦੇ। ਨਾਕੇ ਤੋੜ ਕੇ ਹੋਣ ਹਵਾ।
ਅੱਲ੍ਹਾ ਮੀਆਂ ਥੱਲੇ ਆ।

ਨਸ਼ੇ ਜਵਾਨੀ ਨਸ਼ਿਓਂ ਹਰ ਗਏ। ਮਾਨੋ ਜ਼ਿੰਦਾ ਪੁੱਤਰ ਮਰ ਗਏ
ਭੈਣਾਂ ਦੇ ਘਰ ਸੁੰਞੇ ਕਰ ਗਏ। ਜੇਬਾਂ ਦੇ ਵਿਚ ਪੁੜੀਆਂ ਪਾ
ਅੱਲ੍ਹਾ ਮੀਆਂ ਥੱਲੇ ਆ।

ਮਾੜੇ ਘਰ ਦੀ ਇੱਜ਼ਤ ਲੁੱਟੀ। ਪਰਚਾ ਦਰਜ ਨਾ, ਹੋ ਗਈ ਛੁੱਟੀ
ਉੱਤੋਂ ਪੁਲਸ ਨੇ ਲਾਈ ਝੁੱਟੀ। 'ਜੱਸ ਬੇ ਜਾ' ਬਣ ਗਿਆ ਲਾਹ
ਅੱਲ੍ਹਾ ਮੀਆਂ ਥੱਲੇ ਆ।

ਮਹਿੰਗਾਈ ਨੇ ਦਿੱਤਾ ਝੂਣਾ। ਚਟਣੀ ਹੋ ਗਈ ਵਾਲ ਸਲੂਨਾ
ਚਲਦਾ ਨਹੀਂ ਕੋਈ ਜਾਦੂ ਟੂਣਾ। ਮੰਨ ਸਲੋਏ ਨੂੰ ਫੇਰ ਵਰ੍ਹਾ
ਅੱਲ੍ਹਾ ਮੀਆਂ ਥੱਲੇ ਆ।

ਲਾ-ਕਾਨੂੰਨ ਦੀ ਬਾਲਾ ਦਸਤੀ। ਬਾਲਾ ਦਸਤਾਂ ਲਾਈ ਏ ਬਸਤੀ।
ਬਿਨ-ਪੀਤੇ ਦੇ ਮਿਟ ਜਾਏ ਹਸਤੀ। ਮਾੜੇ ਨੂੰ ਨਾ ਮਿਲਣ ਗਵਾਹ
ਅੱਲ੍ਹਾ ਮੀਆਂ ਥੱਲੇ ਆ।

'ਬੁਸ਼' ਬਣਿਆ ਫਰਊਨ ਖ਼ੁਦਾਇਆ। ਖਲਕ ਦੀ ਨੱਪੀ ਧੌਣ ਖ਼ੁਦਾਇਆ
ਖਾਏ ਇਨਸਾਨੀ ਲੂਣ ਖ਼ੁਦਾਇਆ। ਆ ਕੇ ਸਾਡੀ ਧੌਣ ਛੁਡਾ
ਅੱਲ੍ਹਾ ਮੀਆਂ ਥੱਲੇ ਆ।

ਕਿੱਥੇ ਆਏ ਕਹਿਤ ਤੂਫਾਨੀ। ਭੁੱਖਾਂ ਮਾਰੇ ਬਾ ਸੂਡਾਨੀ
ਲੈ ਗਈ ਗਿਰਝ ਹਕੂਕ ਇਨਸਾਨੀ। ਖਾਂਦੇ ਚੀਲਾਂ ਜਸ਼ਨ ਮਨਾ।
ਅੱਲ੍ਹਾ ਮੀਆਂ ਥੱਲੇ ਆ।



ਫੁੱਲਾਂ ਜਿਹੇ ਕਸ਼ਮੀਰੀ ਬੱਚੇ। ਜਿਓਂ ਖੰਡ ਖਿਡੌਣੇ ਸੱਚੇ
ਮਾਰਨ ਡੋਬ ਕੇ ਵਿਚ ਚੁਬੱਚੇ। ਚਸ਼ਮੀਂ ਦਿੱਤਾ ਲਹੂ ਰਲ਼ਾ
ਅੱਲ੍ਹਾ ਮੀਆਂ ਥੱਲੇ ਆ।

ਹੀਰੋਸ਼ੀਮਾ ਨਾਗਾਸਾਕੀ। ਕੁਝ ਨਾ ਛੱਡਿਆ ਬੰਬਾਂ ਬਾਕੀ
ਡਟ ਗਏ ਨੇ ਪਰ ਵੇਖ ਇਰਾਦਾ। ਲੱਖਾਂ ਹੱਥ ਪਏ ਕਰਨ ਦੁਆ
ਅੱਲ੍ਹਾ ਮੀਆਂ ਥੱਲੇ ਆ।

ਇਕ ਵਾਸ਼ਿੰਗਟਨ ਦਾ ਬਾਸ਼ਿੰਦਾ। ਅਜੇ ਤੀਕ ਜੋ ਨਾ ਸ਼ਰਮਿੰਦਾ
ਜਾਪਾਨੀ ਨੇ ਫੇਰ ਵੀ ਜ਼ਿੰਦਾ। ਇਹਦੇ ਮੂੰਹ ਵੀ ਜੰਦਰੇ ਲਾ
ਅੱਲ੍ਹਾ ਮੀਆਂ ਥੱਲੇ ਆ।

ਕਬਜ਼ਾ ਕਰ ਲਿਆ ਗੈਂਗ-ਗਰੁੱਪਾਂ। ਮਾਲਕ ਵਿਚ ਖਲੋਤੇ ਧੁੱਪਾਂ
ਸਰਕਾਰਾਂ ਨੇ ਵੱਟ ਕੇ ਚੁੱਪਾਂ। ਘਰ ਘਰ ਦਿੱਤੇ ਵੈਣ ਪਵਾ
ਅੱਲ੍ਹਾ ਮੀਆਂ ਥੱਲੇ ਆ।

ਮੁਨਾਫ਼ਾ-ਖੋਰ ਉਜਾੜਨ ਝੋਕਾਂ। ਦੇਸ਼ ਨੂੰ ਚਿੰਬੜੇ ਵਾਂਗੂੰ ਜੋਕਾਂ
ਖੁੱਲ੍ਹੀ, ਲੁੱਟ, ਨਾ ਰੋਕਾਂ ਟੋਕਾਂ। ਦੌਲਤ ਯੂਰਪ ਦੇਣ ਪੁਚਾ
ਅੱਲ੍ਹਾ ਮੀਆਂ ਥੱਲੇ ਆ।

ਮੰਡੀਆਂ ਗੈਰਾਂ ਹੱਥ ਫੜਾਈਆਂ। ਉੱਤੋਂ ਅੱਤ ਚੁੱਕੀ ਧੜਵਾਈਆਂ
ਛੱਡ ਦੇ ਹੁਣ ਤੂੰ ਬੇਪ੍ਰਵਾਹੀਆਂ। ਤੀਜਾ ਜਗਤ ਆਜ਼ਾਦ ਕਰਾ
ਅੱਲ੍ਹਾ ਮੀਆਂ ਥੱਲੇ ਆ।

ਜੋ ਨਾ ਸੈਵਨ-ਜੀ ਦਾ ਮਾਨੀ। ਉਹਦੇ ਕੱਟ ਹਕੂਕ ਇਨਸਾਨੀ
ਖੋਹ ਲੈਂਦੇ ਨੇ ਹੋ ਕੇ ਬਾਨੀ। ਹੱਕਾਂ ਨੂੰ ਇਹ ਲੈਣ ਦਬਾ
ਅੱਲ੍ਹਾ ਮੀਆਂ ਥੱਲੇ ਆ।

ਚੰਦ ਮਿੰਟਾਂ ਲਈ ਬਿਜਲੀ ਜਾਵੇ। ਨਿਊਯਾਰਕ ਵਿਚ ਅੰਨ੍ਹੀ ਪਾਵੇ
ਹਰ ਗੋਰੀ ਦੀ ਸ਼ਾਮਤ ਆਵੇ। ਦੀਨ ਮਹੱਜ਼ਬ ਲੁੱਟ ਮਚਾ
ਅੱਲ੍ਹਾ ਮੀਆਂ ਥੱਲੇ ਆ।

'ਗੋਰਬੇ' (ਚੋਵ) ਕਰ ਕੇ ਰੂਸ ਦੇ ਟੋਟੇ। ਪੰਥ ਅਵਾਮ ਦੇ ਕੀਤੇ ਖੋਟੇ

ਨਿੱਜਕਾਰਾਂ ਹੱਥ ਦੇ ਕੇ ਸੋਟੇ। ਰੂਸ 'ਚ ਦਿੱਤੀ ਭੁੱਖ ਮਚਾ
ਅੱਲ੍ਹਾ ਮੀਆਂ ਥੱਲੇ ਆ।

'ਯੈਕਸਨ' ਮਾਰ ਰਿਹਾ 'ਚਾਚੀਨੀ'। ਹੁਣ ਕਿਉਂ ਯੂਰਪ ਅੱਖ ਨਾਬੀਨੀ
'ਸ਼ਾਮਲ' ਮੰਗਦਾ ਤਖਤ-ਨਸ਼ੀਨੀ। ਦੋਹਾਂ ਨੂੰ ਤੂੰ ਮਗਰੋਂ ਲਾਹ
ਅੱਲ੍ਹਾ ਮੀਆਂ ਥੱਲੇ ਆ।

ਇੱਕ ਦੂਜੇ 'ਤੇ ਪਾਣ ਲਈ ਗ਼ਲਬਾ। ਕਰ ਛੱਡਿਆ ਨੇ ਕਾਬਲ ਮਲਬਾ
ਬੰਦ ਸਕੂਲ ਤੇ ਮਰ ਗਏ ਤਲਬਾ। ਇਹਨਾਂ ਤੋਂ ਇਸਲਾਮ ਬਚਾ
ਅੱਲ੍ਹਾ ਮੀਆਂ ਥੱਲੇ ਆ।

ਮੁੱਲਾਂ ਪੰਡਤ ਧਰਮ ਲੜਾਇਆ। ਦੋਹਾਂ ਘਰ ਤੇਰਾ ਕਬਜ਼ਾਇਆ
ਪੰਡਤ ਮਸਜਦ ਮਲਬਾ ਚਾਇਆ। ਮੁੱਲਾਂ ਦਿੱਤੇ ਮੰਦਰ ਢਾਹ।
ਅੱਲ੍ਹਾ ਮੀਆਂ ਥੱਲੇ ਆ।

ਸੱਤ ਸੱਤ ਸਾਲ ਦੇ ਕਾਕੇ ਮੁੰਨੇ। ਮੁੱਲ ਖਰੀਦਣ ਅਰਬੀ ਧੰਨੇ।
ਊਠ ਦੁੜਾਵਨ ਉੱਤੇ ਬੰਨ੍ਹੇ। ਮਾਰਨ ਬੱਚੇ ਸ਼ੁਗਲ ਮਨਾ।
ਅੱਲ੍ਹਾ ਮੀਆਂ ਥੱਲੇ ਆ।

'ਫ਼ੈਜ਼', ਕਵੀ 'ਦਾਮਨ', 'ਮੰਡੇਲੇ'। 'ਜਾਲਿਬ' ਨੇ ਦੁੱਖ ਭੁਗਤੇ ਜੇਲ੍ਹੇ।
ਲੜੇ ਜਮਹੂਰ ਲਈ ਅਲਬੇਲੇ। ਲੱਗਾ ਹੱਕ ਲਈ 'ਸਾਰੂ' ਫਾਹ
ਅੱਲ੍ਹਾ ਮੀਆਂ ਥੱਲੇ ਆ।

ਹੈ ਤੂੰ ਹਰ ਥਾਂ ਹਾਜ਼ਰ ਨਾਜ਼ਰ। ਫੇਰ ਵੀ ਤਗੜੇ ਫਾਸਕ ਫਾਜਰ
ਕਈ ਕਈ ਉਮਰੇ ਕਰ ਕੇ ਤਾਜਰ। ਕੇਵੇਂ ਲੈਂਦੇ ਟੈਕਸ ਲੁਕਾ
ਅੱਲ੍ਹਾ ਮੀਆਂ ਥੱਲੇ ਆ।

ਕਿਉਂ ਕੀਤੇ ਨੀ ਮਾੜੇ ਪੈਦਾ। ਕੀ ਸੀ ਤੈਨੂੰ ਇਹਦਾ ਫ਼ਾਇਦਾ
ਨਾ ਕੋਈ ਕੁਲੀਆ, ਨਾ ਕੋਈ ਕਾਇਦਾ। ਤਗੜੇ ਲੈਂਦੇ ਲੁੱਟ-ਲੁਟਾ
ਅੱਲ੍ਹਾ ਮੀਆਂ ਥੱਲੇ ਆ।

ਤੂੰ ਵੱਸੇਂ ਸ਼ਾਹ-ਰਗ ਤੋਂ ਨੇੜੇ। ਕਿਓਂ ਨੇ ਰੰਗ ਨਸਲ ਦੇ ਝੇੜੇ
ਮਜ਼ਹਬਾਂ ਕਿਉਂ ਇਨਸਾਨ ਨਿਖੇੜੇ। ਖੁਸ਼ ਕਿਉਂ ਹੁੰਦੇ ਲਹੂ ਵਗਾ
ਅੱਲ੍ਹਾ ਮੀਆਂ ਥੱਲੇ ਆ।



ਮਾਂ-ਮਹਿੱਟਰ ਨੂੰ ਦੂਰ ਤੋਂ ਮੋੜਨ। ਮਸਕੀਨਾਂ ਦੇ ਦਿਲ ਨੂੰ ਤੋੜਨ
ਜ਼ਰ ਦੀ ਅੱਗ ਨੂੰ ਘਰ ਵਿਚ ਜੋੜਨ। ਹਸ਼ਰ ਦਿਹਾੜਾ ਦੇਣ ਭੁਲਾ
ਅੱਲ੍ਹਾ ਮੀਆਂ ਥੱਲੇ ਆ।

ਪਾ ਦੇ ਸਾਨੂੰ ਚੰਗੇ ਰਾਹੇ। ਤੈਥੋਂ ਹੋਏ ਜਿਹੜੇ ਗੁੰਮਰਾਹੇ
ਲਾਏ ਕੁਫਲ ਤੂੰ ਰੱਖ ਨਿਗਾਹੇ। ਕੁਫਲ ਤੁੜਾ ਕੇ ਰਾਹੇ ਪਾ
ਅੱਲ੍ਹਾ ਮੀਆਂ ਥੱਲੇ ਆ।

ਨਾਲ ਤੇਰੇ ਮੈਂ ਲਾ ਲਈ ਯਾਰੀ। ਮਗਰੋਂ ਲਾਹ ਦੇ ਭੁੱਖ ਬੀਮਾਰੀ
ਲਾਹਨਤ ਹੈ ਸਰਮਾਏਦਾਰੀ। ਆ ਕੇ ਮੇਰੇ ਨਾਲ ਮੁਕਾ
ਅੱਲ੍ਹਾ ਮੀਆਂ ਥੱਲੇ ਆ।

ਫਿਰ ਵੀ ਤੈਨੂੰ ਸਜਦੇ ਕਰਨਾ। ਅਜ਼ਮਾਇਸ਼ਾਂ ਲਈ ਦੁਖੜੇ ਜਰਨਾ
ਮਜ਼ਲੂਮਾਂ ਲਈ ਜੀਊਨਾ ਮਰਨਾ। ਜ਼ਾਲਿਮ ਮੈਥੋਂ ਰਹਿਣ ਖ਼ਫਾ
ਅੱਲ੍ਹਾ ਮੀਆਂ ਥੱਲੇ ਆ।

ਬੰਦ ਕਲੀਆਂ ਜੋ ਧੋਣ ਤਰੇਲਾਂ। ਡੱਕੀਆਂ ਵਿਚ ਸਰਦਾਰਾਂ ਜੇਲ੍ਹਾਂ
ਲੈ ਨਾ ਸਕਦੇ ਮੁਨਸਫ ਬੇਲਾਂ। ਅੰਦਰ ਦੇਂਦੇ ਫੁੱਲ ਬਣਾ
ਅੱਲ੍ਹਾ ਮੀਆਂ ਥੱਲੇ ਆ।

ਇਹ ਦੁਨੀਆਂ ਤੇਰੀ ਕਿਸ ਕਾਰਨ। ਧੋਖੇ ਦੇ ਕੇ ਬੁੱਤੇ ਸਾਰਨ
ਇਕ ਦੇ ਬਦਲੇ ਟੱਬਰ ਮਾਰਨ। ਦੁੱਖਾਂ ਦੇ ਵਿਚ ਦੇਣ ਸਜ਼ਾ
ਅੱਲ੍ਹਾ ਮੀਆਂ ਥੱਲੇ ਆ।

ਕੈਂਪ 'ਸ਼ੈਤੀਲਾ' ਭਰੀਆਂ ਲਾਸ਼ਾਂ। ਕੁੱਖੀਂ ਮਰੀਆਂ ਸੱਧਰਾਂ ਖਾਹਸ਼ਾਂ
ਵੇਖ ਸੀਹੂਨੀ ਖੇਡਣ ਤਾਸ਼ਾਂ। ਉੱਤੇ ਦਿੱਤੀ ਰੇਤ ਵਿਛਾ
ਅੱਲ੍ਹਾ ਮੀਆਂ ਥੱਲੇ ਆ।

ਅੱਧ-ਨੰਗ ਮੁਟਿਆਰ ਪਥੇਰਨ। ਨੈਣ ਪਿਓ ਦੇ ਅੱਥਰੂ ਕੇਰਨ
ਘੱਟ ਮਜ਼ਦੂਰੀ ਰਾਂਦੀਂ ਘੇਰਨ। ਮੁਫ਼ਤ 'ਚ ਲੈਂਦੇ ਐਸ਼ ਉਡਾ
ਅੱਲ੍ਹਾ ਮੀਆਂ ਥੱਲੇ ਆ।

ਟੁੱਟੀ ਆ ਕਈ ਵਾਰ ਅਸੈਂਬਲੀ। ਟੁੱਟ ਟੁੱਟ ਕੇ ਇਹ ਹੋ ਗਈ ਕਮਲੀ

ਫੇਰ ਨਾ ਦੱਸੇ ਕਮਲੀ ਰਮਲੀ। ਕਿਹੜਾ ਕਰਦਾ ਸਫ਼ਨ ਸਫਾ
ਅੱਲ੍ਹਾ ਮੀਆਂ ਥੱਲੇ ਆ।

ਆਇਰਲੈਂਡ ਵਿਚ ਖੂਨੀ ਖੇਡਾਂ। ਲੜ ਪਈਆਂ ਈਸਾ ਦੀਆਂ ਭੇਡਾਂ
ਇਕ ਦੂਜੇ ਨੂੰ ਕਰਦੇ ਝੇਡਾਂ। ਫਿਰਕੇ ਉੱਤੋਂ ਲੈਂਦੇ ਫਾਹ
ਅੱਲ੍ਹਾ ਮੀਆਂ ਥੱਲੇ ਆ।

ਅਸਮਤ ਲੁੱਟੀ ਮਮਤਾ ਮਾਰੀ। ਸ਼ੂਦਰ ਲੈ ਜਾਏ ਕੋਰ ਕਵਾਰੀ
ਉੱਚੀਆਂ ਦਾਤਾਂ ਲਈ ਸੀ ਖਵਾਰੀ। ਕੀਤਾ ਅਗਨੀ ਨਾਲ ਵਿਆਹ
ਅੱਲ੍ਹਾ ਮੀਆਂ ਥੱਲੇ ਆ।

ਉੱਨਤੀ ਧਰਮਾਂ ਦੇ ਕਾਰਿੰਦੇ। ਵਰਲਡ-ਬੈਂਕ ਦੇ ਬਣ ਗਏ ਛਿੰਦੇ
ਰਲ਼ ਗਏ ਵਹਿਸ਼ੀ ਨਾਲ ਦਰਿੰਦੇ। ਲੁੱਟ ਦਾ ਲਿਆ ਮੁਹਾਜ਼ ਬਣਾ
ਅੱਲ੍ਹਾ ਮੀਆਂ ਥੱਲੇ ਆ।

ਨਗਰ ਸ਼ਾਂਤੀ ਸ਼ਾਂਤ ਨਾ ਹੋਇਆ। ਦਸ ਮਣ ਸੋਨਾ ਹੋ ਗਿਆ ਲੋਹਾ
ਡੰਗਰ ਵੱਛਾ ਨਾਲ ਹੀ ਢੋਇਆ। ਮੁੱਲਾਂ ਦੇ ਘਰ ਚੜ੍ਹ ਗਿਆ ਚਾਅ
ਅੱਲ੍ਹਾ ਮੀਆਂ ਥੱਲੇ ਆ।

ਜੱਗ ਤੋਂ ਕਰ ਦੇ ਖ਼ਤਮ ਤਨਾਜ਼ੇ। ਖ਼ੁਦ ਮਰ ਜਾਣਗੇ ਅਸਲਾ ਸਾਜ਼ੇ
ਰਹਿ ਗਏ ਭੁਗਤਣਗੇ ਖਮਿਆਜ਼ੇ। ਫੜੀਏ ਖੁਸ਼ਹਾਲੀ ਦੀ ਰਾਹ
ਅੱਲ੍ਹਾ ਮੀਆਂ ਥੱਲੇ ਆ।

ਜੰਗ ਅਮਰੀਕੀ ਲੜ ਅਫ਼ਗਾਨਾਂ। ਘਰ ਕੀਤੇ ਬਰਬਾਦ ਨਾਦਾਨਾਂ
ਮੇਰੇ ਦੇਸ਼ 'ਚ ਖੋਲ੍ਹ ਦੁਕਾਨਾਂ। ਘਰ ਘਰ ਦਿੱਤੇ ਵੈਣ ਪਵਾ
ਅੱਲ੍ਹਾ ਮੀਆਂ ਥੱਲੇ ਆ।

ਵੇਖ ਦਿਲਾਂ ਨੂੰ ਲੱਗੇ ਝੋਰੇ। ਤੋੜ ਕੇ ਬੰਬਾਂ ਤੋਰੇ ਬੋਰੇ
ਨਾਲ ਬਰੂਦਾਂ ਭਰੇ ਮਘੋਰੇ। ਅਫਗਾਨਾਂ ਦੇ ਪੀਤੇ ਸਾਹ
ਅੱਲ੍ਹਾ ਮੀਆਂ ਥੱਲੇ ਆ।

(ਅੱਲ੍ਹਾ ਮੀਆਂ ਥੱਲੇ ਆ ਕਾਵਿ ਸੰਗ੍ਰਹਿ ਵਿਚੋਂ)



ਅੰਤਿਕਾ

# ਪਾਕਿਸਤਾਨੀ ਪੰਜਾਬੀ ਕਵਿਤਾ

ਡਾ. ਅਤਰ ਸਿੰਘ

## ਲੰਮੇ ਲੇਖ ਦੇ ਕੁਝ ਅੰਸ਼

.........ਪਾਕਿਸਤਾਨੀ ਪੰਜਾਬੀ ਕਵਿਤਾ ਵਿਚ ਭਾਰਤੀ ਪੰਜਾਬੀ ਕਵਿਤਾ ਨਾਲੋਂ ਇਕ ਹੋਰ ਫ਼ਰਕ ਵੀ ਦ੍ਰਿਸ਼ਟੀਮਾਨ ਹੁੰਦਾ ਹੈ, ਪਾਕਿਸਤਾਨੀ ਪੰਜਾਬੀ ਕਵਿਤਾ ਪਾਕਿਸਤਾਨੀ ਉਰਦੂ ਕਵਿਤਾ ਵਾਂਗ ਬਿੰਬ-ਵਾਦੀ ਤੇ ਚਿੰਨ੍ਹ-ਵਾਦੀ ਬਣਦੀ ਜਾ ਰਹੀ ਹੈ — ਭਾਵ ਇਹ ਕਿ ਸਿੱਧੀ ਗੱਲ ਕਹਿਣ ਨਾਲੋਂ ਗੁੱਝਿਆਂ ਚਿੰਨ੍ਹਾਂ, ਪ੍ਰਤੀਕਾਂ ਜਾਂ ਅਸਪਸ਼ੱਟ ਬਿੰਬਾਂ ਰਾਹੀਂ ਗੱਲ ਕਹਿਣ ਦਾ ਯਤਨ ਕਰਨਾ। ਕਿਉਂਕਿ ਪਾਕਿਸਤਾਨੀ ਪੰਜਾਬੀ ਕਵਿਤਾ ਕੋਲ ਫ਼ਾਰਸੀ ਸੂਫੀ ਕਵਿਤਾ ਦੇ ਰੂਪ ਵਿਚ ਇਕ ਬੜੀ ਪ੍ਰਫੁੱਲਤ ਪ੍ਰਤੀਕ-ਵਾਦੀ ਕਵਿਤਾ-ਧਾਰਾ ਮੌਜੂਦ ਹੈ। ਇਸ ਲਈ ਉਨ੍ਹਾਂ ਦੇ ਚਿੰਨ੍ਹ-ਮਈ ਅਤੇ ਬਿੰਬ-ਮਈ ਕਾਵਿ-ਪ੍ਰਗਟਾਵਿਆਂ ਵਿਚ ਬੜੀ ਰਵਾਨੀ ਤੇ ਸੁਗਮਤਾ ਨਜ਼ਰ ਆਉਂਦੀ ਹੈ। ਚਿੰਨ੍ਹਾਂ, ਸੰਕੇਤਾਂ ਵਿਚ ਗੱਲ ਕਹਿਣਾ ਪਾਕਿਸਤਾਨ ਦੇ ਪੰਜਾਬੀ ਕਵੀ ਦੀ ਇਕ ਅਜਿਹੀ ਮਜਬੂਰੀ ਹੈ ਜਿਸ ਨੂੰ ਭਾਰਤ ਦੇ ਲੇਖਕ ਜਾਂ ਪਾਠਕ ਚੰਗੀ ਤਰ੍ਹਾਂ ਸਮਝ ਨਹੀਂ ਸਕਦੇ। ਪਿਛਲੇ ਪੰਝੀ ਵਰ੍ਹਿਆਂ ਦੇ ਪਾਕਿਸਤਾਨ ਦੇ ਇਤਿਹਾਸ ਵਿਚ ਜਮਹੂਰੀ ਲਹਿਰ ਨੂੰ ਜਿਵੇਂ ਦਬਾ ਕੇ ਰੱਖਿਆ ਗਿਆ ਹੈ ਉਸ ਦਾ ਇਕ ਅੰਗ ਸੀ ਬਚਨ, ਕਥਨ ਜਾਂ ਲਿਖਣ ਦੀ ਆਜ਼ਾਦੀ ਦੀ ਅਣਹੋਂਦ। ਇਸ ਘੁੱਟਵੇਂ ਵਾਤਾਵਰਣ ਨੇ ਇਕ ਪਾਸੇ ਘੋਰ ਨਿਰਾਸ਼ਾਵਾਦ ਨੂੰ ਜਨਮ ਦਿੱਤਾ ਤੇ ਦੂਜੇ ਪਾਸੇ ਗੱਲ ਨੂੰ ਲੁਕਾ ਕੇ ਕਹਿਣ ਦੀ ਮਜਬੂਰੀ ਨੂੰ। ਪੰਜਾਬੀ ਸਾਹਿਤ ਦੇ ਪ੍ਰਸਿੱਧ ਰੂਸੀ ਵਿਦਵਾਨ ਡਾਕਟਰ ਸੇਰੇਬਰੀਆਕੋਵ ਨੇ ਆਪਣੀ ਰਚਨਾ 'ਪੰਜਾਬੀ ਲਿਟਰੇਚਰ' ਵਿਚ ਪਾਕਿਸਤਾਨੀ ਪੰਜਾਬੀ ਸਾਹਿਤ ਦੇ ਇਸ ਸਾਹ-ਘੁੱਟਵੇਂ ਵਾਤਾਵਰਣ ਵਲ ਸੰਕੇਤ ਕੀਤਾ ਹੈ ਜਿਸ ਵਿਚ ਜੀਓ ਸਕਣਾ ਵੀ ਮਨੁੱਖ ਲਈ ਇਕ ਬੜੀ ਵੱਡੀ ਔਖਿਆਈ ਹੈ। ਡਰ, ਸ਼ੱਕ, ਚਿੰਤਾ ਦੇ ਇਸ ਮਾਹੌਲ ਵਿਚ ਪਾਕਿਸਤਾਨੀ ਪੰਜਾਬੀ ਕਵੀ ਜਿਸ ਵਿਸ਼ੇਸ਼ ਸੰਵੇਦਨਾ ਨੂੰ ਪ੍ਰਗਟ ਕਰਨ ਦੀ ਚੇਸ਼ਟਾ ਕਰਦੇ ਰਹੇ ਹਨ, ਉਹ ਮੂਲ ਰੂਪ ਵਿਚ ਦੁਖਾਂਤ ਹੈ। ਪਾਕਿਸਤਾਨ ਦੀ ਪੰਜਾਬੀ ਕਵਿਤਾ ਦਾ ਪਾਠ ਕਰਨ ਨਾਲ ਇਕ ਡੂੰਘਾ ਅਹਿਸਾਸ, ਜੀਵਨ ਦੀ ਨਿਰਾਰਥਕਤਾ, ਘੋਰ ਕਰੂਰ, ਯਥਾਰਥ ਤੋਂ ਮੁਕਤੀ ਪਾ ਲੈਣ ਦੀ ਅਭਿਲਾਸ਼ਾ ਦਾ ਪੈਦਾ ਹੁੰਦਾ ਹੈ।

ਇਉਂ ਜਿਨ੍ਹਾਂ ਦੋ ਵੱਡੇ ਕਾਰਨਾਂ ਕਰਕੇ ਪਾਕਿਸਤਾਨ ਦੀ ਪੰਜਾਬੀ ਕਵਿਤਾ ਸਾਡੀ ਕਵਿਤਾ ਨਾਲੋਂ ਭਿੰਨ ਨਜ਼ਰ ਆਉਂਦੀ ਹੈ ਉਹ ਹਨ : ਪਾਕਿਸਤਾਨੀ ਪੰਜਾਬੀ ਕਵਿਤਾ ਦਾ ਇਸਲਾਮੀ ਸੰਸਕ੍ਰਿਤਕ ਪਿਛੋਕੜ ਅਤੇ ਪਾਕਿਸਤਾਨ ਦੀ ਅੰਦਰੀ ਰਾਜਨੀਤਿਕ ਪ੍ਰਸਥਿਤੀ ਦਾ ਕਵਿਤਾ ਅਤੇ ਸਾਹਿਤ ਉੱਤੇ ਪ੍ਰਭਾਵ। ਪਰ ਇਨ੍ਹਾਂ ਵਖਰੇਵਿਆਂ ਦੇ ਹੀ ਕਾਰਨ ਪਾਕਿਸਤਾਨ ਦੀ ਪੰਜਾਬੀ ਕਵਿਤਾ ਸਾਡੇ ਲਈ ਬਹੁ-ਮੁੱਲੀ ਹੈ। ਸਾਡੇ ਆਪਣੇ ਸਾਹਿਤ ਅਤੇ ਸਭਿਆਚਾਰ ਵਿਚ ਜਿਹੜੀ ਇਕ-ਰੰਗੀ ਪੈਦਾ ਹੋ ਗਈ ਹੈ, ਉਸ ਪ੍ਰਸੰਗ ਵਿਚ ਪਾਕਿਸਤਾਨੀ ਪੰਜਾਬੀ ਕਵਿਤਾ ਪੰਜਾਬੀ ਬੋਲੀ ਅਤੇ ਕਵਿਤਾ ਦੀ ਹੀ ਇਕ ਨਵੀਂ ਸੰਭਾਵਨਾ ਨੂੰ ਉਜਾਗਰ ਕਰਦੀ ਹੈ। ਇਸ ਵਿਚ ਇਕ ਵੱਖਰਾ ਸੁਹਜ, ਪੰਜਾਬ ਦੀ ਧਰਤੀ ਦੀ ਇਕ ਵੱਖਰੀ ਸੁਗੰਧ, ਪੰਜਾਬ ਦੇ ਪਾਣੀਆਂ ਦਾ ਇਕ ਨਵਾਂ ਰਾਗ, ਪੰਜਾਬ ਦੀਆਂ ਹਵਾਵਾਂ ਦਾ ਇਕ ਵੱਖਰਾ ਕੀਰਨਾ ਸ਼ਬਦਬੱਧ ਹੋਇਆ ਹੈ। ਪਾਕਿਸਤਾਨ ਦੀ ਪੰਜਾਬੀ ਕਵਿਤਾ ਦੀ ਸਭ ਤੋਂ ਵੱਡੀ ਪ੍ਰਾਪਤੀ ਜਿੱਥੇ ਇਕ ਪਾਸੇ ਉਰਦੂ, ਫਾਰਸੀ ਦੀ ਸਾਹਿਤਕ ਸੰਵੇਦਨਾ ਨੂੰ ਸੁਰ-ਬੱਧ ਕਰਨਾ ਹੈ, ਉਥੇ ਧਰਤੀ ਦੇ ਨੇੜੇ ਦੀ ਸੱਜਰੀ ਨਿਛੋਹ ਸ਼ਬਦਾਵਲੀ ਦੀ ਵਰਤੋਂ ਹੈ, ਜਿਹੜੀ ਦਿਲ ਵਿਚ ਤਿੱਖੇ ਖੰਜਰ ਵਾਂਗ ਉਤਰ ਜਾਂਦੀ ਹੈ, ਮਨ-ਮੋਹਕ ਸਮਾਸ ਬਣਤਰ, ਪੰਜਾਬ ਦੇ ਪ੍ਰਕ੍ਰਿਤਕ ਹੁਸਨ ਤੇ ਜਨ-ਜੀਵਨ ਦੇ ਮੌਲਿਕ ਦਰਸ਼ਨਾਂ ਨੂੰ ਪ੍ਰਤੀਬਿੰਬਤ ਕਰਨ ਵੱਲ ਬਿੰਬਾਵਲੀ ਅਤੇ ਕਾਵਿ ਰੂਪ ਦਾ ਕਲਾਸੀਕੀ ਸੰਜਮ ਵੀ ਕੋਈ ਘੱਟ ਮਹੱਤਵਪੂਰਨ ਨਹੀਂ। ਇਨ੍ਹਾਂ ਸਾਰੇ ਪੱਖਾਂ ਵਿਚ ਭਾਰਤੀ ਪੰਜਾਬੀ ਕਵਿਤਾ ਵਿਚ ਜਿਹੜੇ ਬਨਾਵਟ ਦੇ ਅੰਸ਼ ਉਭਰ ਰਹੇ ਹਨ ਉਹ ਪਾਕਿਸਤਾਨੀ ਪੰਜਾਬੀ ਕਵਿਤਾ ਦੇ ਟਾਕਰੇ ਵਿਚ ਹੋਰ ਵੀ ਕਰੂਪ ਤੇ ਕੋਝੇ ਨਜ਼ਰ ਆਉਂਦੇ ਹਨ। ਪਾਕਿਸਤਾਨੀ ਪੰਜਾਬੀ ਕਵੀ ਨੇ ਪੰਜਾਬੀ, ਸੂਫੀ ਕਵੀਆਂ ਕੋਲੋਂ ਧਰਤੀ ਦੇ ਨੇੜੇ ਰਹਿਣ ਦਾ ਗੁਣ, ਪੰਜਾਬੀ ਲੋਕ ਕਵਿਤਾ ਕੋਲੋਂ ਉਸ ਦੀ ਲੌਕਿਕ ਨਿਤ-ਨਵੀਂ, ਸੱਜਰੀ ਸ਼ਬਦਾਵਲੀ, ਉਰਦੂ ਤੇ ਫ਼ਾਰਸੀ ਕਵਿਤਾ ਕੋਲੋਂ ਸੂਖਮ ਕਲਪਨਾ ਤੇ ਨਾਜ਼ੁਕ ਖ਼ਿਆਲੀ ਦੇ ਨਾਲ-ਨਾਲ ਕਲਾਸੀਕੀ ਰੂਪਕ ਸੰਜਮ ਦੇ ਗੁਣ ਲਏ ਗਏ ਹਨ ਤੇ ਫਿਰ ਇਨ੍ਹਾਂ ਸਾਰੇ ਗੁਣਾਂ ਨੂੰ ਨਾਲ ਲੈ ਕੇ ਆਪਣੇ ਵਿਸ਼ੇਸ਼ ਸਥਾਨਕ ਤੇ ਸਮਕਾਲੀ ਜੀਵਨ ਦੀਆਂ ਸੋਚਾਂ ਤੇ ਥੁੜਾਂ ਤੇ ਚਿੰਤਾਵਾਂ ਤੇ ਔਖਿਆਈਆਂ ਨੂੰ ਅੰਕਿਤ ਕਰਨ ਲਈ ਇਕ ਅਤਿਅੰਤ ਮੌਲਿਕ ਕਾਵਿ ਸੁਰ ਨੂੰ ਜਨਮ ਦਿੱਤਾ ਹੈ। •••

(ਧੰਨਵਾਦ ਸਹਿਤ ਪ੍ਰੀਤ-ਲੜੀ, ਫਰਵਰੀ 1973 ਵਿਚੋਂ)

# ਸਹਾਇਕ ਪੁਸਤਕਾਂ


1. ਸੱਜਰੇ ਫੁੱਲ, ਸੰਪਾਦਕ ਅਨੀਸ ਨਾਗੀ, ਪੰਜਾਬੀ ਮਜਲਸ ਲਾਹੌਰ, 1959
2. ਇਤਖ਼ਾਬ, ਸਿਬਤੁਲ ਹੁਸਨ ਜ਼ੈਗ਼ਮ ਤੇ ਹੋਰ, ਅਦਾਰਾ ਅਦਬ ਤੇ ਫ਼ਨ 1983
3. ਕਲਾਮ ਨਜਾਮ ਹੁਸੈਨ ਸੱਯਦ, (ਸੰਪਾਦਕ, ਡਾ. ਥਿੰਦ ਸਾਊਥ ਏਸ਼ੀਅਨ ਗੀ ਪਿੰਸ, ਜਾਰਜ, ਕੈਨੇਡਾ) 2000
4. ਫ਼ਖ਼ਰ ਜ਼ਮਾਨ ਦੀ ਚੋਣਵੀਂ ਕਵਿਤਾ ਪੰਜਾਬੀ ਯੂਨੀ. ਪਟਿਆਲਾ 1984
5. ਮੇਰਾ ਨਾਂ ਇਨਸਾਨ, ਬਾਬਾ ਨਜ਼ਮੀਂ ਗੋਲਡਨ ਜੁਬਲੀ ਕਮੇਟੀ ਕਰਾਚੀ 2002
6. ਸਾਰੇ ਸੁਖ਼ਨ ਹਮਾਰੇ (ਫ਼ੈਜ਼ ਦਾ ਕੁੱਲ ਕਲਾਮ) ਰਾਜ ਕਮਲ ਪ੍ਰਕਾਸ਼ਨ, ਨਵੀਂ ਦਿੱ
7. ਦਾਮਨ ਦੇ ਮੋਤੀ, ਸੰਪਾਦਕ ਸਾਈਂ ਅਖ਼ਤਰ ਲਾਹੌਰੀ ਤੇ ਹੋਰ, ਫੀਰੋਜ਼ ਸੰਨਜ਼, ਲ 1993
8. ਹਰੇ ਹਨੇਰੇ, ਜ਼ਫ਼ਰ ਇਕਬਾਲ - 1994 ਲਾਹੌਰ
9. ਪੁਰਸਾ ਦਿਓ ਮੈਖ਼ਵਾਰਾਂ ਨੂੰ, ਤਨਵੀਰ ਬੁਖਾਰੀ 2003 ਲਾਹੌਰ
10. ਨਾਰਾਂ, ਤਿੱਲੇ ਦੀਆਂ ਤਾਰਾਂ, ਅਮੀਨ ਖ਼ਿਆਲ, 2003 ਲਾਹੌਰ
11. ਬੇਲੇ ਵਿਚ ਚਿੜੀਆਂ, ਗੁਲਾਮ ਹੁਸੈਨ ਸਾਜਦ, 2003 ਲਾਹੌਰ
12. ਸੁਫਨੇ ਹੋਏ ਰੇਤ, ਰਾਸ਼ਦ ਹਸਨ ਰਾਣਾ, 2003 ਲਾਹੌਰ
13. ਵਰ੍ਹੇ ਵਾਰ ਸਾਹਿਤ, 1997, ਸੰਪਾਦਕ ਇਲਿਆਸ ਘੁੰਮਣ, ਲਾਹੌਰ
14. ਵਰ੍ਹੇ-ਵਾਰ ਸਾਹਿਤ 1998
15. ਪੰਚਮ 2004, 2005, 2006 ਲਾਹੌਰ
16. ਵਰ੍ਹੇ ਵਾਰ ਸਾਹਿਤ, 1996 ਇਲਿਆਸ ਘੁੰਮਣ, ਲਾਹੌਰ।
17. ਲਹਿਰਾਂ, ਮਾਸਕ-ਪੱਤਰ, ਲਾਹੌਰ
18. ਰਾਤ ਕੁਲਹਿਣੀ - ਹਬੀਬ ਜਾਲਿਬ, ਸੰਪਾਦਕ-ਸਈਦ ਪਰਵੇਜ਼ (ਕਰਾਚੀ) ਪਾਕਿਸ 2001
19. ਚੋਣਵੀਂ ਪੰਜਾਬੀ ਕਵਿਤਾ -ਸੰਪਾਦਨ ਡਾ. ਜਮਾਲ ਹੁਸ਼ਿਆਰਪੁਰੀ, ਨਵਯੁੱਗ ਦਿ



## ਤਿਮਾਹੀ ਚਿਰਾਗ਼ ਬਾਰੇ ਜਾਣਕਾਰੀ

ਫਾਰਮ ਨੰ.-4 ਰੂਲ ਨੰ.-8

| | | |
|---|---|---|
| 1. ਪ੍ਰਕਾਸ਼ਨ ਸਥਾਨ | - | ਜਲੰਧਰ ਸ਼ਹਿਰ |
| 2. ਪ੍ਰਕਾਸਨ ਕਾਲ | - | ਤਿਮਾਹੀ |
| 3. ਪ੍ਰਕਾਸ਼ਨ ਤੇ ਮਾਲਕ | - | ਡਾ. ਅਨੂਪ ਸਿੰਘ 142, ਅਰਬਨ ਅਸ<br>ਬਟਾਲਾ ਜ਼ਿਲ੍ਹਾ ਗੁਰਦਾਸਪੁਰ |
| 4. ਕੌਮੀਅਤ | - | ਭਾਰਤੀ |
| 5. ਸੰਪਾਦਕ | - | ਹਰਭਜਨ ਸਿੰਘ ਹੁੰਦਲ<br>ਪਿੰਡ ਵੱਤੂ ਚੱਕ, ਡਾਕਖਾਨਾ- ਢਿਲਵਾਂ<br>ਕਪੂਰਥਲਾ-144804<br>ਫੋਨ- 01822-273188 |




# ਪਰਲੇ ਪਾਰ ਦੀਆਂ ਕਵਿਤਾਵਾਂ

ਹਰਭਜਨ ਸਿੰਘ ਹੁੰਦਲ

ਸੁਣਦੇ ਸੂਖ਼ਮ ਹਰਫ ਹਵਾ ਦੇ
ਧੁੱਪ ਦੇ ਬੋਲ ਲਰਜ਼ਦੇ ਸੁਣਦੇ
ਪੱਤੇ ਪਲ ਪਲ ਰੰਗ ਬਦਲਦੇ
ਅੱਖਰ ਬੂੰਦ ਬੂੰਦ ਬਣ ਕਿਰਦੇ।

ਲਫ਼ਜ਼ ਨਾ ਜਿਵੇਂ ਮੁਕੰਮਲ ਹੁੰਦੇ
ਹੱਥ ਛੁਹਾਏ ਜਾਣ ਪਿਘਲਦੇ
ਕਾਸ਼ ਕਿਤੇ ਜੇ
ਬੰਦ ਹਵਾ ਦੀ ਖਿੜਕੀ ਖੁੱਲ੍ਹੇ
ਅੰਦਰ ਬਾਹਰ ਰੌਸ਼ਨੀ ਡੁੱਲ੍ਹੇ।

ਜਦ ਵੀ ਪੱਤ ਬਿਰਖ ਦਾ ਡੋਲੇ
ਹਾਸੇ ਦੀ ਝਰਨਾਹਟ ਕੰਨੀਂ ਮਿਸ਼ਰੀ ਘੋਲੇ।

ਚਿੱਤ ਚਾਹੇ ਕਿ ਪੈੜਾਂ ਬਣਕੇ
ਔਝੜ ਰਾਹਾਂ ਨਾਲ ਦੋਸਤੀ ਪਾਵਾਂ
ਜਾਂ ਫਿਰ ਧੁੱਪ ਦਾ ਪੱਲਾ ਫੜ ਕੇ
ਹੱਦਾਂ ਚੀਰ ਚੀਰ ਲੰਘ ਜਾਵਾਂ
ਰੌਸ਼ਨੀਆਂ ਦੇ ਨਵੇਂ ਸੁਨੇਹੇ ਨਾਲ ਲਿਜਾਵਾਂ।

ਕਦੇ ਕਦੇ ਪਰ ਏਦਾਂ ਲੱਗੇ
ਆਈਆਂ ਨੇ ਸਰਹੱਦਾਂ ਟੱਪ ਕੇ
ਦੇਸ਼ ਗਵਾਢੋਂ ਸਰਦ-ਹਵਾਵਾਂ
ਤੇ ਕਵਿਤਾਵਾਂ
ਸੁੰਘ ਸੁੰਘ ਬਾਗ਼ ਬਾਗ਼ ਹੋ ਜਾਵਾਂ
ਅੰਗਾਂ 'ਚੋਂ ਝਰਨਾਹਟਾਂ ਲੰਘਣ
ਸੁੱਤੇ ਫੁੱਲ ਲੈਣ ਕਣਸੋਆਂ
'ਜੀ ਆਇਆਂ' ਲਈ ਹਾਰ ਪਰੋਵਾਂ।

ਸ਼ਾਇਦ ਪਰਲੇ ਪਾਰੋਂ ਯਾਰਾਂ
ਸਾਨੂੰ ਸੁੱਖ-ਸੁਨੇਹੜੇ ਘੱਲੇ
ਕਵਿਤਾ ਚੁਣ ਚੁਣ ਬੰਨ੍ਹਦੀ ਪੱਲੇ
ਕਿੰਨੇ ਵਰ੍ਹੇ ਵਿਛੋੜੇ ਝੱਲੇ
ਬੱਲੇ, ਬੱਲੇ, ਬੱਲੇ !!!
ਸਾਥੋਂ ਸ਼ਬਦ ਜਾਣ ਨਾ ਠੱਲ੍ਹੇ !
ਯਾਰਾਂ ਗੀਤ-ਸੰਦੇਸ਼ੇ ਘੱਲੇ !!

ਸ਼ਬਦ ਜਿਵੇਂ ਕੋਈ ਚਸ਼ਮੇਂ ਫੁੱਟੇ
ਸਾਰੇ ਬੰਨ੍ਹ ਸਬਰ ਦੇ ਟੁੱਟੇ। (23-12-06)

# ਚਿਰਾਗ

## ਮਾਂ ਬੋਲੀ ਪੰਜਾਬੀ

### ਬਾਬਾ ਨਜਮੀਂ

ਆਪਣੇ ਮੂੰਹ ਨੂੰ ਡੱਕਾ ਲਾ ਓਏ ਸ਼ੀਦੇ ਸ਼ਾਹ।
ਇੰਝ ਨਾ ਆਪਣਾ ਕੱਦ ਵਧਾ ਓਏ ਸ਼ੀਦੇ ਸ਼ਾਹ।
ਨਿੰਦਿਆ ਮੇਰੀ ਮਾਂ ਬੋਲੀ ਦੀ ਕਰਕੇ ਤੂੰ,
ਦਿੱਤੀ ਆਪਣੀ ਜ਼ਾਤ ਵਿਖਾ ਓਏ ਸ਼ੀਦੇ ਸ਼ਾਹ।
ਸੱਚਲ, ਵਾਰਸ, ਫਰੀਦ, ਭੱਟਾਈ ਇੱਕੋ ਜਿਹੇ,
ਗੰਦੀਆਂ ਅੱਖਾਂ ਸਾਫ਼ ਕਰਾ ਓਏ ਸ਼ੀਦੇ ਸ਼ਾਹ।
ਮੇਰਾ ਵਿਰਸਾ, ਝੱਲਿਆ ਵਾਂਗ ਸਮੁੰਦਰ ਦੇ
ਆਪਣੇ ਵਿਹੜੇ ਝਾਤੀ ਪਾ ਓਏ ਸ਼ੀਦੇ ਸ਼ਾਹ।
ਲੂਸੇ ਤੇਰਾ ਜੁੱਸਾ, ਤੇਰੀ ਜੀਭ ਸੜੇ,
ਹੋਵੇ ਤੇਰਾ ਮੁੱਕ ਮੁਕਾ, ਓਏ ਸ਼ੀਦੇ ਸ਼ਾਹ।
ਹੇਠ ਸਦਾ ਨਈਂ ਰਹਿਣਾ ਮੰਜਾ ਚੌਧਰ ਦਾ,
ਰੱਜਵੀਂ ਲੱਭੀ, ਜਰ ਕੇ ਖਾਹ, ਓਏ ਸ਼ੀਦੇ ਸ਼ਾਹ।

(ਖੁਰਸ਼ੀਦ ਸ਼ਾਹ ਉਰਫ਼ ਸ਼ੀਦੇ ਸ਼ਾਹ ਵਜ਼ੀਰ ਤਾਲੀਮ ਪਾਕਿਸਤਾਨ, ਜਿਸ ਕਿਹਾ ਸੀ ਕਿ ਪਛੜੀ ਹੋਣ ਕਾਰਨ ਪੰਜਾਬੀ ਭਾਸ਼ਾ ਸਿੱਖਿਆ ਦਾ ਮਾਧਿਅਮ ਨਹੀਂ ਬਣ ਸਕਦੀ ।)

ਮੁੱਲ : 20 ਰੁਪਏ

59

ਜਨਵਰੀ-ਮਾਰਚ 2007

Chirag Quarterly

Jan-Mar, 2007

Registered with the Registrar of News-Papers of India No. PUN-PUN 0 2276/AL/TC94